ਜੋ ਵਿਦਵਾਨ ਜਾਤ, ਧਨ, ਅਨਾਜ, ਸੰਪਤੀ ਛਡਕੇ ਸਾਧੂ ਬਨਣ ਲਈ ਤਿਆਰ ਹੁੰਦੇ ਹਨ ਜਾਂ ਮੂਰਖ ਜਾਤ, ਧੰਨ, ਅਨਾਜ, ਸੰਪਤੀ ਛਡ ਕੇ ਸ਼ਾਧੂਪੁਣਾ ਗ੍ਰਹਿਣ ਕਰਦੇ ਹਨ। ਇਹ ਦੋਵੇਂ ਜਾਣਦੇ ਹਨ ਕਿ—ਇਸ ਮਨੁੱਖ ਲੋਕ ਵਿਚ ਪੁਰਸ਼ ਅਪਣੇ ਤੋਂ ਛੁਟ ਹੋਰ ਪਦਾਰਥਾਂ ਨੂੰ ਝੂਠ ਹੀ ਅਪਣਾ ਮੰਨਕੇ ਅਭਿਮਾਨ ਕਰਦੇ ਹਨ। (ਅਤੇ ਆਖਦੇ ਹਨ) ਖ਼ੇਤ ਮੇਰਾ ਹੈ, ਘਰ ਮੇਰਾ ਹੈ, ਚਾਂਦੀ ਮੇਰੀ ਹੈ, ਸੋਨਾ ਮੇਹਾ ਹੈ, ਧੰਨ ਮੇਰਾ ਹੈ, ਅਨਾਜ ਮੇਰਾ ਹੈ, ਕਾਂਸ਼ੀ ਮੇਰੀ ਹੈ, ਲੋਹਾ ਮੇਰਾ ਹੈ, ਚੰਗੇ ਕਪੜੇ ਮੇਰੇ ਹਨ, ਇਹ ਵਿਸ਼ਾਲ ਧੰਨ, ਸੋਨਾ, ਰਤਨ, ਮਨੀ, ਮੋਤੀ, ਸੰਖਸ਼ਿਲਾ, ਮੂੰਗੇ, ਲਾਲ ਆਦਿ ਮਨੀਆਂ ਤੇ ਪਿਤਾ ਪੁਰਖੀ ਜੱਦੀ ਜਾਇਦਾਦ ਧੰਨ ਮੇਰਾ ਹੈ।

ਇਹ ਕੰਨਾਂ ਨੂੰ ਚੰਗੇ ਲਗਣ ਵਾਲੇ, ਸ਼ਬਦ ਦਾ ਕਾਰਣ ਵੀਨਾ, ਬੇਨੂੰ ਆਦਿ ਸਾਜ ਮੇਰੇ ਹਨ, ਇਹ ਸੁੰਦਰ ਰੂਪ ਬਾਨਪਦਾਰਥ ਮੇਰੇ ਹਨ, ਇਹ ਖੁਸ਼ਬੂਦਾਰ ਪਦਾਰਥ ਮੇਰੇ ਹਨ, ਇਹ ਸਵਾਦੀ ਰਸ ਮੇਰੇ ਹਨ, ਇਹ ਕੋਮਲ ਗੱਦੇ ਤਕੀਏ ਮੇਰੇ ਹਨ, ਇਹ ਕਾਮ ਭੋਗਾਂ ਦੇ ਸਮੂਹ ਸਾਧਨ ਮੇਰੇ ਹਨ, ਮੈਂ ਇਨ੍ਹਾਂ ਦੀ ਵਰਤੋਂ ਕਰਦਾ ਹਾਂ।

ਅਜੇਹੇ ਬੁਧੀਮਾਨ ਪੁਰਸ਼ ਪਹਿਲਾਂ ਤੋਂ ਹੀ ਇਹ ਜਾਨ ਕੇ ਸੋਚ ਲੈਂਦਾ ਹੈ ਕਿ "ਇਸ ਸੰਸਾਰ ਵਿਚ ਮੈਨੂੰ ਕੋਈ ਦੁਖ ਜਾਂ ਕਸ਼ਟ ਉਤਪੰਨ ਹੁੰਦਾ ਹੈ ਜੋ ਮੈਨੂੰ ਠੀਕ ਨਹੀਂ ਜਾਪਦਾ, ਮਨ ਭਾਉਂਦਾ ਨਹੀਂ ਹੈ। ਬੁਰਾ ਹੈ, ਅਸ਼ੁੱਭ ਹੈ। ਮਨ ਵਿਚ ਕਪਟ ਪੈਦਾ ਕਰਦਾ ਹੈ, ਦੁੱਖ ਰੂਪ ਹੈ, ਸੁਖ ਰੂਪ ਨਹੀਂ ਹੈ,

"ਹੇ ਡਰ ਤੋਂ ਬਚਾਉਣ ਵਾਲੇ ! ਮੇਰੇ ਧੰਨ, ਅਨਾਜ, ਕਾਮਭੋਗ, ਮੇਰੀ ਇਸ ਬੁਰੇ ਨਾ ਚੰਗੇ ਲਗਣ ਵਾਲੇ, ਭੈੜੇ, ਨਾ ਮਨ ਭਾਉਂਦੇ, ਦੁਖੀ ਕਰਨ ਵਾਲੇ, ਦੁਖ ਦੀ ਤਰ੍ਹਾਂ ਅਤੇ ਅਸੁਖ ਰੂਪੀ, ਭੋਗ, ਆਤੰਕ ਨੂੰ ਤੁਸੀਂ ਆਪਸ ਵਿਚ ਵੰਡ ਲਵੋ। ਕਿਉਂਕਿ ਮੈਂ ਇਸ ਪੀੜ, ਰੋਗ ਜਾਂ ਆਤਕ ਤੋਂ ਦੁੱਖੀ ਹਾਂ, ਮੈਂ ਚਿੰਤਾ ਜਾਂ ਸੋਗ ਤੋਂ ਦੁੱਖੀ ਹਾਂ। ਮੈਂ ਪਛਤਾਵਾ ਕਰ ਰਿਹਾ ਹਾਂ, ਮੈਂ ਕਸ਼ਟ ਪਾ ਰਿਹਾ ਹਾਂ, ਮੈਂ ਪੀੜ ਮਹਿਸੂਸ ਕਰਦਾ ਹਾਂ, ਇਸ ਲਈ ਤੁਸੀਂ ਸਾਰੇ ਮੈਨੂੰ ਇਸ ਅਪ੍ਰਿਆ, ਬੁਰੇ, ਨਾ ਮਨ ਨੂੰ ਚੰਗੇ ਲਗਣ ਵਾਲੇ, ਦੁਖ ਰੂਪੀ ਜਾਂ ਅਸੁਖ ਰੂਪੀ ਰੋਗ, ਦੁੱਖ ਜਾਂ ਪੀੜ ਤੋਂ ਮੁਕਤ ਕਰੋ" ਅਜੇਹੀ ਚੀਖ ਪੁਕਾਰ ਵਿਚ ਇਹ ਕਾਮਭੋਗ ਦੇ ਸਾਧਨ ਪਦਾਰਥ ਜੀਵ ਦੀ ਕਰੁਣਾ ਭਰੀ ਬੇਨਤੀ ਸੁਣਕੇ ਉਸਨੂੰ ਦੁੱਖ ਤੋਂ ਮੁਕਤ ਨਹੀਂ ਕਰਾ ਸਕਦੇ।

ਦਰਅਸਲ ਧੰਨ, ਖੇਤ,, ਅਨਾਜ ਆਦਿ ਕਾਮ ਭੋਗ ਦੇ ਸਾਧਨ ਜਾਂ ਜਾਤ ਵਾਲੇ ਇਹ ਪ੍ਰਾਰਥਨਾ ਸੁਣ ਕੇ ਦੁਖ ਤੋਂ ਛੁਡਾਉਣ, ਰਖਿਆ ਕਰਨ ਤੇ ਆਸਰਾ ਦੇਣ ਵਿਚ ਸਮਰਥ ਨਹੀਂ। ਕਦੇ ਤਾਂ ਇਨ੍ਹਾਂ ਕਾਮ ਭੋਗਾਂ ਦਾ ਸੇਵਨ ਕਰਨ ਵਾਲਾ, ਇਨ੍ਹਾਂ ਦੀ ਵਰਤੋਂ ਵਿਚਕਾਰ ਛੱਡ ਕੇ ਮਰ ਜਾਂਦਾ ਹੈ, ਕਦੇ ਇਹ ਕਾਮ ਭੋਗ ਮਨੁੱਖ ਨੂੰ ਵਿਚਕਾਰ ਹੀ ਛੱਡ ਜਾਂਦੇ ਹਨ।

ਸਮਝਦਾਰ ਸੋਚਦਾ ਹੈ, ਧੰਨ-ਅਨਾਜ ਸੰਪਤੀ ਜਾਂ ਕਾਮ ਭੋਗ ਭਿੰਨ ਹਨ, ਇਨ੍ਹਾਂ ਤੋਂ ਮੈਂ ਭਿੰਨ ਹਾਂ ਫੇਰ ਅਸੀਂ ਕਾਮ ਭੋਗਾਂ ਵਿੱਚ ਕਿਉਂ ਫਸੇ ਹਾਂ ? ਇਸ ਲਈ ਕਾਮ ਭੋਗਾਂ ਦਾ ਸਵਰੂਪ ਜਾਨਕੇ ਬੁਧੀਮਾਨ ਇਨ੍ਹਾਂ ਨੂੰ ਛੱਡ ਦੇਵੇ। ਬੁਧੀਮਾਨ ਪੁਰਸ਼ ਜਾਨ ਲਵੇ ਕਿ ਇਹ ਸੰਸਾਰਿਕ ਕਾਮ ਭੋਗ ਬਾਹਰੀ ਰੂਪ ਹਨ ਮੇਰੀ ਆਤਮਾ ਤੋਂ ਭਿੰਨ ਹੈ।

ਇੰਨਾਂ ਤੋਂ ਨੇੜੇ ਤਾਂ ਮੇਰੇ ਰਿਸ਼ਤੇਦਾਰ ਹਨ। ਮੇਰੀ ਮਾਂ ਹੈ, ਪਿਉ ਹੈ, ਭਾਈ ਹੈ ਭੈਣ ਹੈ ਇਸਤ੍ਰੀ ਹੈ, ਪੁਤਰ ਹੈ, ਪੁਤਰੀ ਹੈ, ਮੇਰਾ ਦਾਸ ਹੈ, ਰਿਸ਼ਤੇਦਾਰ ਹਨ, ਮੇਰੀ ਨੂੰਹ ਹੈ, ਮੇਰਾ ਮਿੱਤਰ ਹੈ, ਮੇਰੇ ਪਹਿਲੇ ਤੇ ਪਿਛਲੇ ਸੰਬੰਧੀ ਹਨ, ਮੇਰੀ ਜਾਤ ਦੇ ਲੋਕ ਹਨ, ਮੈਂ ਵੀ ਇਨ੍ਹਾਂ ਨੂੰ ਚਹੁੰਦਾ ਹਾਂ, ਪਰ ਬੁਧੀਮਾਨ ਪੁਰਸ਼ ਨੂੰ ਖੁਦ ਵਿਚਾਰਨਾ ਚਾਹੀਦਾ ਹੈ" ਜਦ ਕਦੇ ਵੀ ਮੈਨੂੰ ਕੋਈ ਦੁਖ ਜਾਂ ਰੋਗ ਪੈਦਾ ਹੋ ਜਾਵੇ, ਜੋ ਬੁਰਾ ਤੇ ਦੁਖਦਾਈ ਹੋਵੇ, ਉਸ ਸਮੇਂ ਮੈਂ ਅਪਣੀ ਜਾਤ ਵਾਲਿਆਂ ਨੂੰ ਆਖਾਂ "ਹੇ ਭੈ ਤੋਂ ਰਖਿਆ ਕਰਨ ਵਾਲੇ! ਮਰੇ ਜਾਤ ਦੇ ਲੋਕੋ ! ਮੇਰੇ ਇਸ ਅਨਿਸ਼ਟ ਅਤੇ ਨਾ ਚਾਹੁਣ ਵਾਲੇ ਰੋਗ ਨੂੰ ਵੰਡ ਲਵੋ, ਜਿਸਤੋਂ ਮੈਂ ਪੀੜਤ ਹਾਂ। ਚਿੰਤਾਵਾਨ ਹਾਂ, ਤੜਫ ਰਿਹਾ ਹਾਂ। **ਆਪ ਮੈਨੂੰ ਇਸ ਬੁਰੇ ਦੁੱਖ ਤੇ ਦੁੱਖੀ ਰੋਗ ਨੂੰ ਵੰਡ ਕੇ ਰੋਗ ਮੁਕਤ ਜਾਂ ਦੁਖ ਮੁਕਤ ਕਰ ਦੇਵੋ।** ਪਰ ਅਜੇਹਾ ਕਦੇ ਨਹੀਂ ਹੁੰਦਾ। ਅਤੇ ਨਾ ਹੀ ਮੈਂ ਆਪਣੇ ਜਾਤ ਦੇ ਦੁਖ, ਰੋਗ ਅਨਿਸ਼ਟ, ਅਸੁਖਕਰ, ਦੁਖ ਰੋਗ ਤੋਂ ਉਨ੍ਹਾਂ ਦੀ ਰਖਿਆ ਕਰ ਸਕਦਾ ਹਾਂ। ਭੈ ਤੋਂ ਰਖਿਆ ਕਰਨ ਵਾਲਾ ਇਨ੍ਹਾਂ, ਜਾਤ ਦੇ ਅਨਿਸ਼ਟ ਦੁੱਖ ਜਾਂ ਰੋਗ ਨੂੰ ਵੰਡ ਲਵਾਂ, ਜਿਸ ਕਾਰਣ ਮੇਰੀ ਜਾਤ ਦੇ ਲੋਕ ਦੁੱਖ ਤੇ ਸੰਤਾਪ ਅਨੁਭਵ ਕਰਨ। ਮੈਂ ਇਨ੍ਹਾਂ ਨੂੰ ਦੁੱਖ ਤੇ ਅਨਿਸ਼ਟ ਰੋਗ ਤੋਂ ਮੁਕਤੀ ਕਰਵਾ ਸਕਾਂ, ਇਹ ਮੇਰੀ ਇੱਛਾ ਕਦੇ ਪੂਰੀ ਨਹੀਂ ਹੋ ਸਕਦੀ। ਦੂਸਰੇ ਦੇ ਦੁੱਖ ਨੂੰ ਦੂਸਰਾ ਵੰਡ ਨਹੀਂ ਸਕਦਾ, ਦੂਸਰੇ ਦੇ ਕਰਮ ਨੂੰ ਦੂਸਰਾ ਨਹੀਂ ਭੋਗਦਾ। ਮਨੁੱਖ ਇਕਲਾ ਹੀ ਜਨਮ ਲੈਂਦਾ ਹੈ, ਇਕਲਾ ਹੀ ਮਰਦਾ ਹੈ, ਇਕਲਾ ਹੀ ਅਪਣੀ ਸੰਪਤੀ ਦਾ ਤਿਆਗ ਕਰਦਾ ਹੈ। ਇਕੱਲਾ ਹੀ ਸੰਪਤੀ ਭੋਗਦਾ ਹੈ, ਇਕੱਲਾ ਹੀ ਪਦਾਰਥ ਨੂੰ ਸਮਝਦਾ ਹੈ। ਇਕੱਲਾ ਹੀ ਚਿੰਤਨ ਮਨਨ ਕਰਦਾ ਹੈ ਇਕੱਲਾ ਹੀ ਵਿਦਵਾਨ ਹੁੰਦਾ ਹੈ ਇਕੱਲਾ ਹੀ ਸੁੱਖ ਦੁੱਖ ਭੋਗਦਾ ਹੈ, ਇਸ ਸੰਸਾਰ ਵਿੱਚ ਜਾਤ ਦਾ ਸਹਿਯੋਗ ਦੁੱਖ ਤੋਂ ਰਖਿਆ ਕਰਨ ਅਤੇ ਮਨੁੱਖ ਨੂੰ ਸ਼ਾਂਤੀ ਜਾਂ ਸ਼ਰਨ ਦੇਣ ਵਿੱਚ ਅਸਮਰਥ ਹੈ।

ਕਦੇ ਤਾਂ ਮਨੁੱਖ ਪਹਿਲੇ ਜਾਤ ਦੇ ਸਹਿਯੋਗ ਨੂੰ ਛੱਡ ਕੇ ਮਰ ਜਾਂਦਾ ਹੈ ਅਤੇ ਕਦੇ ਜਾਤ ਦਾ ਸਹਿਯੋਗ ਮਨੁੱਖ ਨੂੰ ਛੱਡ ਦਿੰਦਾ ਹੈ। ਇਸ ਲਈ ਜਾਤ ਸਹਿਯੋਗ ਭਿੰਨ ਹੈ ਤੇ ਮੈਂ ਭਿੰਨ ਹਾਂ। ਤਾਂ ਫੇਰ ਅਸੀਂ ਜਾਤ ਦੇ ਸਹਿਯੋਗ ਦੀ ਮਮਤਾ ਵਿੱਚ ਕਿਉਂ ਫਸੀਏ ?" ਇਹ ਸਮਝ ਕੇ ਜਾਤ ਦੇ ਸਹਿਯੋਗ ਦੀ ਇੱਛਾ ਬੁਧੀਮਾਨ ਛੱਡ ਦੇਵੇ।

ਬੁਧੀਮਾਨ ਜਾਤ ਦੇ ਸਹਿਯੋਗ ਨੂੰ ਬਾਹਰਲੀ ਵਸਤੂ ਜਾਣੇ ਅਤੇ ਜਾਤ ਦੇ ਸਹਿਯੋਗ ਦੀ ਮਮਤਾ ਨੂੰ ਤਿਆਗ ਦੇਵੇ।

ਬੁਧੀਮਾਨ ਪੁਰਸ਼ ਸਮਝੇ ਕਿ ਜਾਤ ਦੇ ਸਹਿਯੋਗ ਤੋਂ ਜਿਆਦਾ ਕਰੀਬ ਤਾਂ ਮੇਰੇ ਇਹ ਸ਼ਰੀਰਕ ਅੰਗ ਜਿਆਦਾ ਕਰੀਬ ਹਨ।

'ਮੇਰਾ ਹੱਥ ਹੈ, ਮੇਰੇ ਪੈਰ ਹਨ, ਮੇਰੀ ਬਾਂਹ ਹੈ, ਮੇਰਾ ਪੇਟ ਹੈ, ਮੇਰਾ ਸਿਰ ਹੈ, ਮੇਰਾ ਚਾਰਿਤਰ ਹੈ, ਮੇਰੀ ਉਮਰ ਹੈ, ਮੇਰਾ ਬਲ ਹੈ, ਮੇਰਾ ਰੰਗ ਹੈ, ਮੇਰੀ ਚਮੜੀ ਹੈ, ਮੇਰੀ ਸ਼ੋਭਾ ਹੈ, ਮੇਰੇ ਕੰਨ ਹਨ, ਅੱਖ ਹੈ, ਨਕ ਹੈ ਜੀਭ ਹੈ, ਮੇਰੀ ਸਪਰਸ਼ਨ ਇੰਦਰੀ (ਛੋਹਣ-ਸ਼ਕਤੀ) ਹੈ" ਇਸ ਤਰ੍ਹਾਂ ਮਨੁੱਖ ਸ਼ਰੀਰ ਪ੍ਰਤਿ ਮਮਤਾ ਰਖਦਾ ਹੈ।

ਪਰ ਉਮਰ ਜਿਆਦਾ ਬੀਤ ਜਾਣ ਵਾਅਦ ਸਭ ਕੁਝ ਖੇਰੂ ਖੇਰੂ ਹੋ ਜਾਂਦਾ ਹੈ। ਉਹ ਮਨੁੱਖ ਉਮਰ,ਬਲ,ਵੀਰਜ,ਰੰਗ,ਚਮੜੀ,ਆਭਾ ਕੰਨ ਤੇ ਸਪਰਸ਼ ਦੀ ਸ਼ਕਤੀ ਤੋਂ ਖੇਰੂ-ਖੇਰੂ ਹੋ ਜਾਂਦਾ ਹੈ। ਉਸ ਦੀਆਂ ਗਠੀਲੀ, ਮਜਬੂਤ, ਹੱਡੀਆਂ ਦਾ ਜੋੜ, ਢਿੱਲਾ ਹੋ ਜਾਂਦਾ ਹੈ। ਉਸ ਦੇ ਸ਼ਰੀਰ ਦੀ ਚਮੜੀ ਸਿਕੁੜ ਕੇ ਪਾਣੀ ਦੀ ਤਰੰਗ ਵਿੱਚ ਬਣੀ ਰੇਖਾ ਦੀ ਤਰ੍ਹਾਂ ਹੋ ਜਾਂਦੀ ਹੈ ਜਾਂ ਲਟਕ ਜਾਂਦੀ ਹੈ। ਉਸਦੇ ਕਾਲੇ ਬਾਲ ਸਫੇਦ ਹੋ ਜਾਂਦੇ ਹਨ। "ਭੋਜਨ ਤੋਂ ਵਾਧੇ ਦਾ ਕੰਮ ਉਤਮ ਸ਼ਰੀਰ ਸਮਾਂ ਪੈਣ ਤੇ ਛਡਣਾ ਪਵੇਗਾ", ਇਹ ਜਾਨਕੇ ਭਿਖਿਆ ਵਿਰਤੀ ਨੂੰ ਸਵੀਕਾਰ ਕਰਨ ਲਈ ਤਿਆਗ ਸਾਧੂ ਲੋਕ ਨੂੰ ਦੋਵੇਂ ਤਰ੍ਹਾਂ, ਨਾਲ ਜਾਨ ਲਵੇ। ਜਿਵੇਂ ਕਿ ਲੋਕ ਜੀਵ ਰੂਪ ਵੀ ਹੈ ਅਤੇ ਅਜੀਵ ਰੂਪ ਵੀ ਹੈ। ਤਰਸ ਜੀਵ ਵਾਲਾ ਵੀ ਹੈ ਅਤੇ ਸਥਾਵਰ ਜੀਵ ਵਾਲਾ ਵੀ ਹੈ। (13)

ਇਸ ਸੰਸਾਰ ਵਿੱਚ ਗ੍ਰਹਿਸਥ ਆਰੰਭ (ਹਿੰਸਕ ਕੰਮ) ਤੇ ਪਰਿਗ੍ਰਹਿ ਵਾਲੇ ਹੁੰਦੇ ਹਨ। ਕਿਉਂਕਿ ਉਹ ਉਨ੍ਹਾਂ ਕ੍ਰਿਆਵਾਂ ਨੂੰ ਕਰਦੇ ਹਨ ਜਿਨ੍ਹਾਂ ਨਾਲ ਜੀਵਾਂ ਦੀ ਹਿੰਸਾ ਹੁੰਦੀ ਹੈ, ਉਹ ਦਾਸ-ਦਾਸੀ, ਗਾਵਾਂ, ਮੱਝਾਂ, ਧਨ ਅਨਾਜ ਰੂਪੀ ਪਰਿਗ੍ਰਹਿ ਵੀ ਰਖਦੇ ਹਨ।

ਕਈ ਸ਼੍ਰਮਣ ਤੇ ਬ੍ਰਾਹਮਣ (ਹੋਰ ਮੱਤਾਂ ਵਾਲੇ) ਵੀ ਆਰੰਭ ਤੇ ਪਰਿਗ੍ਰਹਿ ਵਾਲੇ ਹੁੰਦੇ ਹਨ, ਉਹ ਵੀ ਗ੍ਰਹਿਸਥੀ ਦੀ ਤਰ੍ਹਾਂ ਪਾਪਕਾਰੀ (ਸਾਵਦਯ) ਕ੍ਰਿਆ ਕਰਦੇ ਹਨ। ਧਨ, ਅਨਾਜ, ਦਾਸ-ਦਾਸੀ, ਪਸ਼ੂ ਆਦਿ ਪਰਿਗ੍ਰਹਿ ਰਖਦੇ ਹਨ। ਉਹ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ, ਤਰੱਸ ਤੇ ਸਥਾਵਰ ਜੀਵਾਂ ਦੀ ਖੁਦ ਹਿੰਸਾ ਕਰਦੇ ਹਨ ਦੂਸਰੇ ਤੋਂ ਕਰਾਉਂਦੇ ਹਨ, ਹਰ ਹਿੰਸਾ ਕਰਦੇ ਪ੍ਰਾਣੀ ਨੂੰ ਚੰਗਾ ਸਮਝਦੇ ਹਨ।

ਇਸ ਸੰਸਾਰ ਵਿੱਚ ਗ੍ਰਹਿਸਥ ਆਰੰਭ ਤੇ ਪਰਿਗ੍ਰਹਿ ਧਾਰੀ ਹੁੰਦੇ ਹਨ ਅਤੇ ਕਈ ਸ਼੍ਰਮਣ ਤੇ ਬ੍ਰਾਹਮਣ ਵੀ ਆਰੰਭ ਪਰਿਗ੍ਰਹਿ ਧਾਰੀ ਹੁੰਦੇ ਹਨ।

ਉਹ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ ਸਚਿੱਤ ਤੇ ਅਚਿਤ ਦੋਵੇਂ ਪ੍ਰਕਾਰ ਦੇ ਕਾਮ ਭੋਗਾਂ ਦਾ ਸੇਵਨ ਕਰਦੇ ਹਨ, ਦੂਸਰੇ ਤੋਂ ਕਰਵਾਉਂਦੇ ਹਨ ਅਤੇ ਕਰਦੇ ਨੂੰ ਚੰਗਾ ਜਾਣਦੇ ਹਨ ਇਸ ਸੰਸਾਰ ਵਿੱਚ ਗ੍ਰਹਿਸਥੀ ਆਰੰਭ ਤੇ ਪਰਿਗ੍ਰਹੀ ਹੁੰਦੇ ਹਨ। ਕਈ ਸ਼੍ਰਮਣ, ਬ੍ਰਾਹਮਣ ਵੀ ਆਰੰਭ ਪਰਿਗ੍ਰਹਿ ਧਾਰੀ ਹੁੰਦੇ ਹਨ। ਅਜੇਹੀ ਸਥਿਤੀ ਵਿਚ ਆਤਮਾ ਦਾ ਭਲਾ ਚਾਹੁਣ

ਵਾਲਾ ਸੰਜਮੀ ਮੁਨੀ ਸੋਚਦਾ ਹੈ।

"ਮੈਂ ਆਰੰਭ ਪਰਿਗ੍ਰਹਿ ਰਹਿਤ ਹਾਂ। ਜੋ ਗ੍ਰਹਿਸ਼ਥ ਹਨ ਉਹ ਆਰੰਭ ਪਰਿਗ੍ਰਹਿ ਵਾਲੇ ਹਨ। ਕੋਈ ਕੋਈ ਸ਼੍ਰਮਣ-ਬ੍ਰਾਹਮਣ ਵੀ ਆਰੰਭ-ਪਰਿਗ੍ਰਹਿ ਵਾਲੇ ਹਨ। ਅਤੇ ਇਸ ਲਈ ਆਰੰਭ-ਪਰਿਗ੍ਰਹਿ ਵਾਲੇ ਇਨ੍ਹਾਂ ਲੋਕਾਂ ਦਾ ਸਹਾਰਾ ਲੈਕੇ ਮੈਂ ਬ੍ਰਹਮਚਰਜ (ਮੁਨੀ ਧਰਮ) ਦਾ ਪਾਲਨ ਕਰਾਂਗਾ। ਆਰੰਭ ਤੇ ਪਰਿਗ੍ਰਹਿ ਵਾਲੇ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ ਬੇਆਸਰੇ ਹਨ, ਉਨ੍ਹਾਂ ਨਾਲ ਸੰਪਰਕ ਕਰਨ ਵਿੱਚ ਕੀ ਹਰਜ ਹੈ ? ਗ੍ਰਹਿਸਥ ਪਹਿਲਾਂ ਵੀ ਆਰੰਭ ਤੇ ਪਰਿਗ੍ਰਹਿ ਵਾਲੇ ਹੁੰਦੇ ਹਨ ਤੇ ਬਾਦ ਵਿੱਚ ਵੀ ਹੁੰਦੇ ਹਨ। ਕਈ ਸ਼੍ਰਮਣ ਬ੍ਰਾਹਮਣ ਦੀਖਿਆ ਧਾਰਨ ਕਰਕੇ ਵੀ ਆਰੰਭ-ਪਰਿਗ੍ਰਹਿ ਵਾਲੇ ਹੁੰਦੇ ਹਨ ਇਹ ਤਾਂ ਸਾਫ ਜਾਹਿਰ ਹੈ ਕਿ ਇਹ ਲੋਕ ਪਾਪਕਾਰੀ ਆਰੰਭ ਤੋਂ ਮੁਕਤ ਨਹੀਂ। ਇਸੇ ਕਾਰਣ ਸ਼ੁਧ ਸੰਜਮ ਦਾ ਪਾਲਨ ਨਹੀਂ ਕਰ ਸਕਦੇ। ਇਸ ਲਈ ਇਹ ਆਰੰਭ ਪਹਿਗ੍ਰਹਿ ਦੇ ਪਾਤਰ ਹਨ।

ਆਰੰਭ ਪਰਿਗ੍ਰਹਿ ਦੇ ਨਾਲ ਰਹਿਣ ਵਾਲੇ, ਜੋ ਗ੍ਰਹਿਸਥ ਸ਼੍ਰਮਣ ਤੇ ਬ੍ਰਾਹਮਣ ਹਨ ਉਹ ਆਰੰਭ ਪਰਿਗ੍ਰਹਿ ਵਸ ਪਾਪ ਕਰਮ ਕਰਦੇ ਹਨ" ਅਜੇਹਾ ਜਾਣਕੇ ਸਾਧੂ ਆਰੰਭ ਪਰਿਗ੍ਰਹਿ ਇਨ੍ਹਾਂ ਦੋਹਾਂ ਤੋਂ ਪਰਾਂ ਹਟ ਕੇ ਸੰਜਮ ਵਿੱਚ ਆਤਮਾ ਨੂੰ ਲਗਾਵੇ।

ਇਸ ਲਈ ਮੈਂ ਆਖਦਾ ਹਾਂ ਕਿ ਪੂਰਵ ਆਦਿ ਦਿਸ਼ਾਵਾਂ ਤੋਂ ਆਇਆ ਜੋ ਭਿਖਸ਼ੂ ਆਰੰਭ ਤੇ ਪ੍ਰਰਿਗ੍ਰਹਿ ਰਹਿਤ ਹੈ ਉਹੀ ਕਰਮ (ਕਰਮ ਬੰਧ) ਨੂੰ ਜਾਣਦਾ ਹੈ ਕਰਮ ਚਕਰ ਦੇ ਰਹਸਯ ਨੂੰ ਜਾਣਦਾ ਹੈ। ਅਜਿਹਾ ਗਿਆਨੀ ਕਰਮਬੰਧਨ ਤੋਂ ਰਹਿਤ ਹੈ। ਉਹ ਹੀ ਕਰਮਾਂ ਦਾ ਅੰਤ ਕਰਦਾ ਹੈ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। (14)

**ਭਗਵਾਨ ਸ਼੍ਰੀ ਅਰਿਹੰਤ ਦੇਵ ਨੇ ਛੇ ਜੀਵ ਕਾਇਆ ਨੂੰ ਜੀਵਾਂ ਦੇ ਕਰਮ ਬੰਧ (ਕਰਮ ਪੁਦਗਲਾਂ ਦੇ ਸੰਗ੍ਰਹਿ) ਦਾ ਕਾਰਣ ਆਖਿਆ ਹੈ। ਪ੍ਰਿਥਵੀ ਤੋਂ ਲੈ ਕੇ ਬਨਸਪਤੀ ਤਕ 5 ਪ੍ਰਕਾਰ ਦੇ ਸਥਾਵਰ ਅਤੇ ਤਰੱਸ ਕਾਇਆ ਤੱਕ ਛੇ ਪ੍ਰਕਾਰ ਦੇ ਜੀਵ ਕਰਮ ਬੰਧਨ ਦਾ ਕਾਰਣ ਹਨ।**

ਮਨ ਲਵੋ ਕੋਈ ਆਦਮੀ ਮੈਨੂੰ ਡੰਡੇ, ਹੱਡੀ, ਮੁੱਕੇ, ਢੇਲੇ, ਪੱਥਰ, ਠਿਕਰੀ ਤੇ ਚਾਬੁਕ ਨਾਲ ਮਾਰਦਾ ਹੈ ਤਾੜਦਾ ਹੈ ਧਮਕਾਉਂਦਾ ਹੈ, ਕਲੇਸ਼ ਦਿੰਦਾ ਹੈ, ਭੜਕਾਉਂਦਾ ਹੈ ਸਤਾਉਂਦਾ ਹੈ, ਡਰਾਉਂਦਾ ਹੈ, ਉਪਦਰਵ ਕਰਦਾ ਹੈ, ਮੈਨੂੰ ਦੁੱਖ ਦਿੰਦਾ ਹੈ, ਇਥੋਂ ਤੱਕ ਮੇਰੇ ਰੋਮ ਤੱਕ ਪੁਟ ਸੁਟਦਾ ਹੈ। ਮੈਂਨੂੰ ਮੌਤ ਦੀ ਤਰ੍ਹਾਂ ਦੁੱਖ ਤੇ ਡਰ ਪਹੁੰਚਾਂਦਾ ਹੈ ਇਸ ਤਰ੍ਹਾਂ ਸਾਰੇ ਜੀਵ, ਭੂਤ ਪ੍ਰਾਣੀ, ਸਤਵ ਡੰਡੇ, ਹੱਡੀ, ਚਾਬੁਕ ਠਿਕਰੇ ਨਾਲ ਕੁੱਟੇ ਜਾਣ, ਧਮਕਾ-ਉਣ ਤੇ, ਤਾੜਨ ਕੀਤੇ ਹੋਣ ਤੇ ਸਤਾਏ ਜਾਣ ਤੇ ਕਲੇਸ਼ ਤੇ ਗੁੱਸਾ ਪੈਦਾ ਕਰਦੇ ਹੋਏ ਤੇ ਦੁੱਖ ਤੇ ਭੈਭੀਤ ਹੁੰਦੇ ਹਨ। ਇਥੋਂ ਤਕ ਕਿ ਇਕ ਬਾਦ ਕੁੱਟੇ ਜਾਣ ਤੇ ਕੁਸ਼ਟ ਤੋਂ ਮੌਤ ਅਤੇ ਕੁਸ਼ਟ ਤੇ ਦੁੱਖ ਅਨੁਭਵ ਕਰਦੇ ਹਨ।

ਇਹ ਜਾਨ ਕੇ ਕਿਸੇ ਵੀ ਪ੍ਰਾਣੀ ਦੀ ਹਿੰਸਾ ਨਹੀਂ ਕਰਨੀ ਚਾਹੀਦੀ। ਜਬਰਦਸਤੀ ਕਿਸੇ ਕੰਮ ਤੇ ਲਾਉਣਾ ਨਹੀਂ ਚਾਹੁੰਦੀ, ਜਬਰਦਸਤੀ ਦਾਸ-ਦਾਸੀ ਨਹੀਂ ਬਨਾਉਣਾ ਚਾਹੀਦਾ, ਕਿਸੇ ਪ੍ਰਕਾਰ ਨਾਲ ਤੜਫਾਉਨਾ ਨਹੀਂ ਚਾਹੀਦਾ, ਭੜਕਾਉਣਾ ਨਹੀਂ ਚਾਹੀਦਾ, ਇਸ ਲਈ (ਮੈਂ ਸੁਧਰਮਾ ਸੁਵਾਮੀ) ਆਖਦਾ ਹਾਂ, "ਜੋ ਤੀਰਥੰਕਰ ਪਹਿਲਾਂ ਹੋਏ ਹਨ, ਹੁਣ ਵਿਚਰ ਰਹੇ ਹਨ ਅੱਗੇ ਨੂੰ ਹੋਣਗੇ। ਸਾਰੇ ਤੀਰਥੰਕਰ ਇਹੋ ਉਪਦੇਸ਼ ਦਿੰਦੇ ਹਨ, ਭਾਸ਼ਨ ਕਰਦੇ ਹਨ, ਹੁਕਮ ਦਿੰਦੇ ਹਨ, ਸਿਧਾਂਤ ਸ਼ਥਾਪਿਤ ਕਰਦੇ ਹਨ—**ਕਿਸੇ ਵੀ ਪ੍ਰਾਣੀ ਨੂੰ ਨਾ ਮਾਰੋ, ਜ਼ਬਰਦਸਤੀ ਨਾ ਕਰੋ,** ਦਾਸ-ਦਾਸੀ ਨਾ ਬਣਾਉ, ਨਾ ਕਸ਼ਟ ਦੇਵੋ, ਉਨ੍ਹਾਂ ਤੇ ਕੋਈ ਉਪੱਦਰਵ ਨਾ ਕਰੋ, ਉਨ੍ਹਾਂ ਵਿੱਚ ਭੜਕਾਹਟ ਵੀ ਨਾ ਪੈਦਾ ਕਰੋ, ਇਹੋ ਧਰੁਵ (ਪੱਕਾ) ਧਰਮ ਹੈ। ਨਿੱਤ (ਹਮੇਸ਼ਾ ਰਹਿਣ ਵਾਲਾ) ਹੈ ਸ਼ਾਸਵਤ ਹੈ ਹਮੇਸ਼ਾ ਸਥਿਤ ਰਹਿਣ ਵਾਲਾ ਹੈ। ਸਾਰੇ ਸੰਸਾਰ ਨੂੰ ਕੇਵਲ ਗਿਆਨ ਰਾਹੀਂ ਵੇਖ ਕੇ ਤੀਰਥੰਕਰਾਂ ਨੇ ਇਹੋ ਉਪਦੇਸ਼ ਦਿੱਤਾ ਹੈ।

ਇਸੇ ਪ੍ਰਕਾਰ ਪ੍ਰਾਣਾਤਿਪਾਤ (ਹਿੰਸਾ) ਤੋਂ ਲੈ ਕੇ ਝੂਠ, ਚੋਰੀ, ਵਿਭਚਾਰ ਤੇ ਪਰਿਗ੍ਰਹਿ (ਪੰਜ ਆਸਰਵ) ਤੋਂ ਸਾਧੂ ਸ਼ਿੰਗਾਰ ਲਈ ਦਾਤੁਨ, ਸ਼ੋਭਾ ਲਈ ਸੁਰਮਾਂ ਦਾ ਇਸਤੇਮਾਲ ਨਾ ਕਰੋ। ਉਲਟੀ ਲਈ ਦਵਾਈ ਨਾ ਲਵੇ। ਕਪੜਿਆਂ ਨੂੰ ਸੁਗੰਧਿਤ ਧੂਪ ਨਾ ਦੇਵੇ। ਖੰਗ ਆਦਿ ਰੋਗਾਂ ਨੂੰ ਦੂਰ ਕਰਨ ਲਈ ਧੂਏਂ ਦੀ ਨਾਲੀ ਦਾ ਇਸਤੇਮਾਲ ਨਾ ਕਰੇ। ਸਾਧੂ ਸਾਵਦਯ (ਪਾਪਕਾਰੀ) ਕ੍ਰਿਆਵਾਂ ਤੋਂ ਰਹਿਤ ਹੋਵੇ। ਜੀਵ ਹਿੰਸਾ ਤੋਂ ਰਹਿਤ ਹੋਵੇ। ਕਰੋਧ, ਮਾਨ, ਮਾਇਆ ਤੇ ਲੋਭ ਦਾ ਤਿਆਗ ਕਰੇ। ਉਹ ਸ਼ਾਂਤ ਤੇ ਸਮਾਧੀ ਵਾਲਾ ਹੋਕੇ ਘੁੰਮੇ। ਉਹ ਅਪਣੀ ਧਾਰਮਿਕ ਕ੍ਰਿਆ ਦੇ ਫਲ ਵਜੋਂ ਪਰਲੋਕ (ਦੇਵਗਤਿ) ਵਿਚ ਕਾਮ ਭੋਗਾਂ ਦੀ ਇੱਛਾ ਨਾ ਕਰੇ, ਭਾਵ ਤੱਪ ਧਿਆਨ ਬਿਨਾ ਫੱਲ ਪ੍ਰਾਪਤੀ ਦੀ ਇੱਛਾ ਨਾਲ ਕਰੇ।

ਸਾਧੂ ਇਹ ਵੀ ਇੱਛਾ ਨਾ ਕਰੇ ਕਿ ਮੈਂ ਜੋ ਗਿਆਨ ਜਾਨਿਆ ਹੈ ਸੋਚਿਆ ਹੈ ਅਭਿਆਸ ਕੀਤਾ ਹੈ, ਮੈਂ ਉਤਮ ਚਾਰਿਤਰ, ਤਪ, ਨਿਯਮ, ਬ੍ਰਹਮਚਰਯ ਦਾ ਪਾਲਨ ਕਰਦਾ ਹਾਂ ਸੰਜਮ-ਯਾਤਰਾ ਤੇ ਧਰਮ ਪਾਲਨ ਦਾ ਕਾਰਣ ਸ਼ਰੀਰ ਦੀ ਲੋੜ ਅਨੁਸਾਰ ਸ਼ੁਧ ਭੋਜਨ ਗ੍ਰਹਿਣ ਕਰਦਾ ਹਾਂ ਇਨ੍ਹਾਂ ਸ਼ਭ ਕ੍ਰਿਆਵਾਂ ਦਾ ਫਲ ਮੈਨੂੰ ਪਰਲੋਕ ਵਿੱਚ ਦੇਵ ਗਤਿ ਪ੍ਰਾਪਤ ਹੋਏ। ਮੈਂ ਦੇਵਤਾ ਬਣਾ।"

ਅਜੇਹੀ ਇੱਛਾ ਸਾਧੂ ਨਾ ਕਰੇ ਕਿ "ਸਾਰੇ ਕਾਮ ਭੋਗ ਮੇਰੇ ਅਧੀਨ ਹੋ ਜਾਣ। ਮੈਂ ਅਨੀਮਾ, ਮਹਿਮਾ, ਗਰਿਮਾ ਆਦਿ ਸਿੱਧ ਬਨ ਜਾਵਾਂ। ਮੈਂ ਸਾਰੇ ਦੁੱਖਾਂ ਤੇ ਅਸ਼ੁਭ ਕਰਮਾਂ ਤੋਂ ਰਹਿਤ ਹੋ ਜਾਵਾਂ। "ਕਿਉਂਕਿ ਤਪ ਆਦਿ ਰਾਹੀਂ ਕੀਤੀ ਕਾਮਨਾ ਦੀ ਪ੍ਰਾਪਤੀ ਕਦੇ ਹੋ ਜਾਂਦੀ ਹੈ ਕਦੇ ਨਹੀਂ ਹੁੰਦੀ। ਇਸ ਲਈ ਸਾਧੂਆਂ ਨੂੰ ਅਜਿਹੀ ਇੱਛਾ ਨਹੀਂ ਕਰਣੀ ਚਾਹੀਦੀ।

ਇਸੇ ਤਰ੍ਹਾਂ ਸਾਧੂ ਮਨੋਹਰ ਸ਼ਬਦ ਰੂਪ, ਰਸ, ਗੰਧ, ਸਪਰਸ਼, ਆਦਿ ਪੰਜ ਇੰਦਰੀਆਂ ਦੇ ਕੋਮਲ ਵਿਸ਼ਿਆਂ ਵਲ, ਲਗਾਵ ਭਾਵ ਨਾ ਰਖੇ। ਕਰੋਧ, ਮਾਨ, ਮਾਇਆ, ਲੋਭ, ਰਾਗ, ਦਵੇਸ਼, ਕਲਹ, ਦੋਸ਼ ਮੜਨਾ, ਚੁਗਲੀ, ਪਰ ਨਿੰਦਾ, ਸੰਜਮ ਪ੍ਰਤਿ ਨਫਰਤ, ਅਸੰਜਮ ਪ੍ਰਤਿ ਪਿਆਰ, ਕਪਟ ਨਾਲ ਝੂਠ, ਮਿਥਿਆ ਦਰਸ਼ਨ ਰੂਪੀ ਕੰਡੇ (ਝੂਠੇ ਵਿਸ਼ਵਾਸ) ਤੋਂ ਪਰੇ ਰਹਿੰਦਾ ਹੈ। ਉਸ ਪ੍ਰਕਾਰ ਇਸ ਭਿਖਸ਼ੂ ਦੇ ਮਹਾਨ ਕਰਮ ਦਾ ਆਦਾਨ (ਬੰਧ) ਉਪਸ਼ਾਂਤ (ਮੰਦਾ) ਪੈ ਜਾਂਦਾ ਹੈ।

ਉਹ ਸੰਜਮ ਲਈ ਤਿਆਰ ਹੁੰਦਾ ਹੈ। ਪਾਪ ਤੋਂ ਛੁਟਕਾਰਾ ਪਾਂਦਾ ਹੈ। ਉਹ ਸਾਧੂ ਤਰਸ ਤੇ ਸਥਾਵਰ ਜੀਵਾਂ ਦਾ ਨਾ ਆਪ ਆਰੰਭ (ਹਿੰਸਾ) ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ।

ਇਸ ਕਾਰਣ ਉਹ ਸਾਧੂ ਮਹਾਨ ਕਰਮਾਂ ਦੇ ਬੰਧ ਨੂੰ ਸ਼ਾਂਤ ਕਰਦਾ ਹੈ। ਸ਼ੁਭ ਸੰਜਮ ਲਈ ਤਿਆਰ ਹੁੰਦਾ ਹੈ ਅਤੇ ਪਾਪ ਕਰਮਾਂ ਤੋਂ ਛੁਟਕਾਰਾ ਪਾਂਦਾ ਹੈ।

ਜੋ ਇਹ ਸੱਚਿਤ ਤੇ ਅੱਚਿਤ ਕਾਮ ਭੋਗ ਹਨ ਉਨ੍ਹਾਂ ਨੂੰ ਨਾ ਖੁਦ ਗ੍ਰਹਿਣ ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ। ਨਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ।

ਇਸ ਕਾਰਣ ਉਹ ਭਿਖਸ਼ੂ ਮਹਾਨ ਕਰਮਬੰਧ ਤੋਂ ਮੁਕਤ (ਉਪਸ਼ਾਂਤ) ਹੋ ਜਾਂਦਾ ਹੈ। ਸ਼ੁਧ ਸੰਜਮ ਵਿੱਚ ਪਰਾਕਰਮ ਕਰਦਾ ਹੈ ਪਾਪਾਂ ਤੋਂ ਛੁਟਕਾਰਾ ਪਾਂਦਾ ਹੈ। ਉਹ ਸਾਧੂ ਅਖਵਾਉਂਦਾ ਹੈ।

ਇਹ ਜੋ ਸਾਮਪਰਾਇਕ (ਕਸ਼ਾਏ ਯੁਕਤ ਸੰਸਾਰ ਵਿਰਤੀ) ਕਰਮਾਂ ਦਾ ਬੰਧ ਹੁੰਦਾ ਹੈ ਉਸਨੂੰ ਸਾਧੂ ਨਾ ਖੁਦ ਕਰਦਾ ਹੈ ਨਾ ਕਰਵਾਉਂਦਾ ਹੈ ਨਾ ਕਰਦੇ ਨੂੰ ਚੰਗਾ ਜਾਨਦਾ ਹੈ। ਇਸ ਕਾਰਣ ਉਹ ਭਿਖਸ਼ੂ ਮਹਾਨ ਕਰਮ ਬੰਧ ਤੋਂ ਉਪਸ਼ਾਂਤ ਹੋ ਜਾਦਾ ਹੈ ਸ਼ੁੱਧ ਸੰਜਮ ਵਿੱਚ ਲਗ ਜਾਂਦਾ ਹੈ। ਪਾਪਾਂ ਤੋਂ ਕਿਨਾਰਾ ਕਰ ਲੈਂਦਾ ਹੈ।

ਜੋ ਭਿਖਸ਼ੂ ਇਹ ਜਾਣ ਲਵੇ ਕਿ ਕਿਸੇ ਸ਼੍ਰਾਵਕ ਨੇ ਕਿਸੇ ਸਮਾਨ ਧਰਮ ਵਾਲੇ ਸਾਧੂ ਨੂੰ ਦਾਨ ਦੇਣ ਲਈ ਪ੍ਰਾਣੀ, ਭੂਤ, ਜੀਵ ਤੇ ਸਤੱਵ ਦੀ ਆਰੰਭ (ਹਿੰਸਾ) ਕਰਕੇ ਭੋਜਨ ਬਨਾਇਆ ਹੈ ਜਾਂ ਸਾਧੂ ਲਈ ਦਾਨ ਦੇਣ ਲਈ ਖਰੀਦਿਆ ਹੈ ਜਾਂ ਕਿਸੇ ਤੋਂ ਉਧਾਰ ਲਿਆ ਹੈ ਜਾਂ ਖੋਹਿਆ ਹੈ। ਮਾਲਕ ਤੋਂ ਬਿਨਾ ਪੁੱਛੇ ਲਿਆ ਹੈ ਕੋਈ ਪਿੰਡ ਵਿੱਚ ਸਾਧੂ ਕੋਲ ਭੋਜਨ ਲੈਕੇ ਆਇਆ ਹੈ ਸਾਧੂ ਦੇ ਨਮਿਤ ਭੋਜਨ ਬਨਾਇਆ ਹੈ। ਤਾਂ ਅਜੇਹੇ ਦੋਸ਼ ਪੂਰਨ ਭੋਜਨ ਨੂੰ ਸਾਧੂ ਕਦੇ ਵੀ ਗ੍ਰਹਿਣ ਨਾ ਕਰੇ। ਜੇ ਗਲਤੀ ਨਾਲ ਅਜੇਹਾ ਭੋਜਨ ਪ੍ਰਾਪਤ ਹੋ ਜਾਵੇ ਤਾਂ ਉਸਨੂੰ ਨਾ ਆਪ ਖਾਵੇ, ਨਾ ਸਾਥੀ ਸਾਧੂ ਨੂੰ ਦੇਵੇ ਨਾ ਅਜੇਹੇ ਦੋਸ਼ ਪੂਰਨ ਭੋਜਨ ਕਰਨ ਵਾਲੇ ਨੂੰ ਚੰਗਾ ਸਮਝੇ। ਜੋ ਸਾਧੂ ਅਜੇਹੇ ਦੋਸ਼ ਪੂਰਨ ਭੋਜਨ ਦਾ ਤਿਆਗ ਕਰਦਾ ਹੈ, ਉਸਦਾ ਮਹਾਨ ਕਰਮਬੰਧ ਸ਼ਾਤ ਹੋ ਜਾਂਦਾ ਹੈ। ਉਹ ਸ਼ੁਧ ਸੰਜਮ ਵਾਲਾ ਤੇ ਪਾਪ ਮੁਕਤ

ਹੋ ਜਾਂਦਾ ਹੈ। ਉਹ ਸਾਧੂ ਅਖਵਾਂਦਾ ਹੈ।

ਜੇ ਸਾਧੂ ਨੂੰ ਪਤਾ ਲਗ ਜਾਵੇ ਕਿ ਗ੍ਰਹਿਸਥ ਰਾਹੀਂ ਬਨਾਇਆ ਭੋਜਨ ਕਿਸੇ ਸਾਧੂ ਲਈ ਨਹੀਂ ਬਨਾਇਆ ਗਿਆ, ਸਗੋਂ ਹੋਰ ਲਈ ਹੈ ਜਿਵੇਂ ਅਪਣੇ ਲਈ ਕਿਸੇ ਪੁਤਰ ਜਾਂ ਮੇਹਮਾਨ ਲਈ ਹੈ, ਕਿਸੇ ਹੋਰ ਜਗ੍ਹਾ ਲਈ ਭੋਜਨ ਹੈ, ਰਾਤ ਨੂੰ ਖਾਨ ਲਈ ਜਾਂ ਸਵੇਰੇ ਨਾਸ਼ਤੇ ਲਈ ਹੈ ਜਾਂ ਹੋਰ ਮਨੁੱਖਾਂ ਲਈ ਭੋਜਨ ਦਾ ਸੰਗ੍ਰਹਿ ਕੀਤਾ ਹੈ। ਅਜੇਹਾ ਭੋਜਨ ਜੋ ਦੂਸਰੇ ਲਈ ਤੇ ਦੂਸਰੇ ਰਾਹੀਂ ਤਿਆਰ ਕੀਤਾ ਗਿਆ ਹੋਵੇ, ਉਤਪਾਦਨ ਤੇ ਏਸ਼ਨਾ ਸਮਿਤੀ ਦੇ ਦੋਸ਼ਾਂ ਤੋਂ ਰਹਿਤ ਹੋਵੇ। ਸ਼ੁਧ ਅੱਗ ਰਾਹੀਂ ਅਚਿੱਤ-ਨਿਰਜੀਵ (ਵਰਤੋਂ ਯੋਗ) ਬਨਾਇਆ ਗਿਆ ਹੈ, ਭਿਖਸ਼ਾ ਵਿਰਤੀ ਰਾਹੀਂ ਹਾਸਲ ਕੀਤਾ ਹੋਵੇ, ਅਹਿੰਸਕ, ਸਾਧੂ ਭੇਖ ਭਿਖਿਆ ਰਾਹੀਂ ਪ੍ਰਾਪਤ, ਗੀਤਾਆਰਥ (ਸ਼ਾਸਤਰ ਦੇ ਜਾਣਕਾਰ) ਮੁਨੀ ਦੀ ਸੇਵਾ ਆਦਿ ਲਿਆ ਹੋਵੇ, ਬਹੁਤ ਸਾਰੇ ਘਰਾਂ ਤੋਂ, ਜਰੂਰਤ ਅਨੁਸਾਰ ਸਾਧੂ ਅਸਨ, ਪਾਣ, ਭੋਜਨ ਕਰੇ ਅਤੇ ਗੱਡੀ ਚਲਾਉਣ ਲਈ (ਸ਼ਰੀਰ) ਉਸਦੀ ਧੁਰੀ ਨੂੰ ਤੇਲ ਅਤੇ ਜਖਮ ਨੂੰ ਮਲ੍ਹਮ ਮਲਨ ਦੇ ਸਮਾਨ ਸਿਰਫ ਸੰਜਮ ਯਾਤਰਾ ਦੇ ਨਿਰਵਾਹ ਲਈ ਹੋਵੇ। ਜਿਵੇਂ ਸੱਪ ਖੁੜ ਵਿੱਚ ਸਿੱਧਾ ਜਾਂਦਾ ਹੈ ਉਸੇ ਤਰ੍ਹਾਂ ਸਾਧੂ ਬਿਨਾ ਸਵਾਦ ਮਹਿਸੂਸ ਕੀਤੇ ਭੋਜਨ ਲਵੇ।

ਇਸ ਪ੍ਰਕਾਰ ਸਾਧੂ ਭੋਜਨ ਸਮੇਂ ਭੋਜਨ, ਪੀਣ ਸਮੇਂ ਪੀਣ ਯੋਗ ਪਦਾਰਥ, ਕਪੜੇ ਸਮੇਂ ਕਪੜੇ, ਮਕਾਨ ਸਮੇਂ ਮਕਾਨ, ਸੌਣ ਸਮੇਂ ਆਸਨ ਨੂੰ ਗ੍ਰਹਿਣ ਕਰੇ।

ਅਜੇਹਾ ਸਾਧੂ ਹਰ ਵਸਤੂ ਦੀ ਮਾਤਰਾ ਤੇ ਧਰਮ ਮ੍ਰਿਆਦਾ ਜਾਨਦਾ ਹੈ। ਉਹ ਕਿਸੇ ਦਿਸ਼ਾ ਜਾਂ ਉਪਦਿਸ਼ਾ ਵਿੱਚ ਜਾਕੇ ਧਰਮ ਉਪਦੇਸ਼ ਸੁਣਾਵੇ।

ਸਾਧੂ ਧਰਮ ਦਾ ਉਪਦੇਸ਼ ਦੇਵੇ ਵਿਆਖਿਆ ਕਰੇ, ਕੀਰਤਨ ਕਰੇ। ਧਰਮ ਸੁਨਣ ਦੀ ਇਛਾ ਨਾਲ ਆਏ ਮਨੁੱਖਾਂ ਨੂੰ ਧਰਮ ਉਪਦੇਸ਼ ਦੇਵੇ।

ਉਹ ਸਾਧੂ ਸ਼ਾਤੀ, ਵਿਰਕੱਤੀ, ਉਪਸ਼ਮ, (ਬੁਰੇ ਵਿਚਾਰਾਂ ਨੂੰ ਦਬਾਉਣਾ) ਇੰਦਰੀਆਂ ਤੇ ਕਾਬੂ, ਨਿਰਵਾਨ, ਪਵਿਤਰਤਾ, ਸਰਲਤਾ ਮਿਠਾਸ, ਲਘੁਤਾ, (ਨਿਮਰਤਾ) ਅਹਿੰਸਾ ਆਦਿ ਧਰਮਾਂ ਦਾ ਉਪਦੇਸ਼ ਕਰਦਾ ਹੋਇਆ ਸਾਰੇ ਭੂਤ, ਜੀਵ ਸਤਵ ਦੇ ਕਲਿਆਨ ਦਾ ਧਿਆਨ ਰਖ ਕੇ ਉਪਦੇਸ਼ ਦੇਵੇ।

ਇਸ ਤਰ੍ਹਾਂ ਧਰਮ ਉਪਦੇਸ਼ ਕਰਦਾ ਸਾਧੂ ਅੰਨ, ਪਾਨ, ਮਕਾਨ, ਆਸਨ ਜਾਂ ਹੋਰ ਕਾਮ ਭੋਗ ਸਾਧਨਾਂ ਦੀ ਪ੍ਰਾਪਤੀ ਲਈ ਧਰਮ ਉਪਦੇਸ਼ ਨਾ ਦੇਵੇ।

ਧਰਮ ਦਾ ਉਪਦੇਸ਼ ਪ੍ਰਸੰਨ ਚਿੱਤ ਹੋਕੇ ਕਰੇ। ਕਰਮ ਨਿਰਜਰਾ (ਕਰਮ ਕਰਨ ਦੀ ਝੜਨ ਕ੍ਰਿਆ) ਤੋਂ ਛੁੱਟ ਹੋਰ ਕਿਸੇ ਫਲ ਦੀ ਇੱਛਾ ਨਾਲ ਧਰਮ ਉਪਦੇਸ਼ ਨਾ ਕਰੇ।

ਇਸ ਜਗਤ ਵਿੱਚ ਅਜੇਹੇ ਗੁਣਾਂ ਵਾਲੇ ਭਿਖਸ਼ੂ ਤੋਂ ਧਰਮ ਦਾ ਉਪਦੇਸ਼ ਸੁਣਕੇ ਤੇ

ਵਿਚਾਰਕੇ ਬਹੁਤ ਸਾਰੇ ਬਹਾਦਰ ਲੋਕ ਧਰਮ ਆਚਰਨ ਕਰਕੇ ਆਰਹਤ ਧਰਮ ਵਿੱਚ ਦੀਖਿਅਤ ਹੁੰਦੇ ਹਨ।

ਜੋ ਵੀਰ ਪੁਰਸ਼ ਉਸ ਸਾਧੂ ਤੋਂ ਧਰਮ ਨੂੰ ਸੁਣਕੇ ਤੇ ਸ਼ਮਝ ਕੇ, ਧਰਮ ਆਚਰਨ ਕਰਨ ਲਈ ਤਿਆਰ ਹੋਕੇ ਦੀਖਿਅਤ ਹੁੰਦੇ ਹਨ ਉਹ ਸਭ ਪਾਪਾਂ ਤੋਂ ਛੁੱਟ ਜਾਂਦੇ ਹਨ। ਉਨ੍ਹਾਂ ਦੇ ਸਾਰੇ ਕਸ਼ਾਏ ਸ਼ਾਂਤ ਹੋ ਜਾਂਦੇ ਹਨ। ਸਾਰੇ ਕਰਮਾਂ (ਅੱਠ ਪ੍ਰਕਾਰ) ਦਾ ਖਾਤਮਾ ਕਰਦੇ ਹਨ। ਅਜੇਹਾ ਮੈਂ (ਮਹਾਵੀਰ) ਆਖਦਾ ਹਾਂ।

ਇਸ ਪ੍ਰਕਾਰ ਜੋ ਭਿਖਸ਼ੂ ਧਰਮ ਨੂੰ ਪ੍ਰਮੁੱਖ ਮਨਦਾ ਹੈ ਧਰਮ ਵਿਆਖਿਆਕਾਰ ਹੈ। ਸ਼ੁਧ ਸੰਜਮ ਨੂੰ ਪ੍ਰਾਪਤ ਕਰ ਲਿਆ ਹੈ ਉਹ ਸਾਧੂ ਪਹਿਲਾਂ ਆਖੇ ਪੰਜਵੇਂ ਪੁਰਸ਼ ਦੀ ਤਰ੍ਹਾਂ ਹੈ, ਉਹ ਜਦ ਚਾਹੇ ਉਤਮ ਕਮਲ ਨੂੰ ਪ੍ਰਾਪਤ ਕਰੇ ਜਾ ਨਾ ਕਰੇ, ਉਹ ਭਿਖਸ਼ੂ ਹੀ ਉਤੱਮ ਹੈ।

ਇਸ ਪ੍ਰਕਾਰ ਭਿਖਸ਼ੂ ਕਰਮ ਦੇ ਸਵਰੂਪ ਨੂੰ ਬਾਹਰਲੇ ਅੰਦਰਲੇ ਸੰਬੰਧਾਂ ਪਰਿਗ੍ਰਹਿ ਅਤੇ ਗ੍ਰਹਿਸਥ ਧਰਮ ਨੂੰ ਜਾਣ ਲੈਂਦਾ ਹੈ।

ਉਹ ਇੰਦਰੀਆਂ ਦਾ ਜੇਤੂ, ਉਪਸ਼ਾਂਤ, ਪੰਜ ਸਮਿਤਿ ਤੋਂ ਸੰਪਨ, ਸਮਿਅਕ ਗਿਆਨ ਆਦਿ ਗੁਣਾਂ ਤੋਂ ਭਰਪੂਰ, ਸੰਜਮ ਵਿੱਚ ਲੱਗਾ ਰਹਿੰਦਾ ਹੈ। ਅਜੇਹੇ ਸਾਧੂ ਦੇ ਸੰਬੰਧ ਵਿੱਚ ਇਸੇ ਪ੍ਰਕਾਰ ਆਖਣਾ ਚਾਹੀਦਾ ਹੈ।

"ਜਿਵੇਂ ਇਹ ਸ਼੍ਰਮਣ ਹੈ, ਬ੍ਰਾਹਮਣ ਹੈ, ਖਿਮਾ ਸ਼੍ਰਮਣ ਹੈ, ਇੰਦਰੀਆਂ ਜੇਤੂ ਹੈ ਤਿੰਨ ਗੁਪਤੀ ਧਾਰਕ ਹੈ, ਮੁਕਤ ਹੈ, ਰਿਸ਼ੀ ਹੈ ਮੁਨੀ ਹੈ ਕਰਨੀ ਵਾਲਾ ਹੈ, ਵਿਦਵਾਨ ਹੈ ਭਿਖਸ਼ੂ ਹੇ ਰੂਕਸ਼ (ਸਵਾਦ ਜੇਤੂ) ਹੇ ਸੰਸਾਰ ਸਮੁੰਦਰ ਪਾਰ ਹੋਣ ਦਾ ਇਛੁਕ ਹੈ। ਮੂਲ ਤੇ ਉਤਰ ਗੁਣ ਦਾ ਜਾਨਕਾਰ ਹੈ। ਇਸ ਪ੍ਰਕਾਰ ਅਜੇਹੇ ਮੁਨੀ ਨੂੰ ਕਿਸੇ ਵਿਸ਼ੇਸ਼ ਨਾਂ ਨਾਲ ਪੁਕਾਰਿਆ ਜਾ ਸਕਦਾ ਹੈ। ਅਜੇਹਾ ਮੈਂ ਆਖਦਾ ਹਾਂ। (15)

---

ਟਿੱਪਣੀ 15 —ਕਰਮ ਅੱਠ ਹਨ, 4 ਘਾਤੀ ਕਰਮ ਹਨ, 4 ਅਘਾਤੀ ਕਰਮ ਹਨ।

(1) ਗਿਆਨਾਵਰਨੀਆ (ਅਗਿਆਨ ਦਾ ਕਾਰਣ) (2) ਦਰਸ਼ਨਾਵਰਨੀਆ (ਦੇਖਣ ਵਿਚ ਰੁਕਾਵਟ ਕਰਨਾ) (3) ਮੋਹਨੀਆ (ਆਤਮਾ ਤੇ ਉਲਟੇ ਪ੍ਰਭਾਵ ਦਾ ਕਾਰਣ) (4) ਅੰਤਰਾਏ (ਸ਼ੁਭ ਕੰਮ ਵਿਚ ਰੁਕਾਵਟ ਦਾ ਕਾਰਣ) (5) ਵੇਦਨੀਆ (ਸ਼ੁਭ ਜਾਂ ਅਸ਼ੁਭ ਕਰਮ ਭੋਗਣ ਦਾ ਕਾਰਣ) (6) ਨਾਮ (ਇਸ ਦੇ ਸ਼ੁਭ ਜਾਂ ਅਸ਼ੁਭ ਸਖ਼ੀਅਤ ਪ੍ਰਾਪਤ ਹੁੰਦੀ ਹੈ) (7) ਗੋਤਰ (ਉੱਚ ਜਾਂ ਨੀਚ ਕੁਲ ਦੇ ਜਨਮ ਦਾ ਕਾਰਣ) (8) ਆਯੁਸ਼ (ਘਟ ਜਾਂ ਵਧ ਉਮਰ ਦਾ ਕਾਰਣ। ਤੀਰਥੰਕਰ, ਅਰਿਹੰਤ ਕੇਵਲ ਗਿਆਨ ਰਾਹੀਂ ਪਹਿਲੇ 4 ਘਾਤੀ ਕਰਮਾਂ

ਦਾ ਖਾਤਮਾ ਕਰ ਦਿੰਦੇ ਹਨ।

ਪੰਜ ਸਮਿਤੀ ਦੇ ਨਾਂ ਇਸ ਪ੍ਰਕਾਰ ਹਨ :—

(1) ਈਰਿਆ ਸਮਿਤੀ (इर्या समिति) ਸ਼ਰੀਰ ਪ੍ਰਤਿ ਸੰਜਮ ਪ੍ਰਤਿ ਠੀਕ ਚਲਨ, ਭੇਛਣਾ, ਸੌਣਾ, ਦੇਖ ਕੇ ਚਲਣਾ, ਕਪੜੇ ਪਹਿਨਣਾ।

(2) ਭਾਸ਼ਾ ਸਮਿਤੀ (भाषा समिति) ਕਰੋਧ, ਮਾਨ, ਮਾਇਆ, ਲੋਭ, ਨੂੰ ਵਸ ਵਿਚ ਕਰਕੇ ਬੁਰੇ ਬਚਨਾਂ ਵਾਲੀ ਭਾਸ਼ਾ ਨਾ ਬੋਲਨਾ।

(3) ਏਸ਼ਨਾ ਸਮਿਤੀ (एषना समिति) ਸ਼ੁਧ ਅਤੇ ਸਾਸਤਰ ਅਨੁਸਾਰ ਭੋਜਨ. ਪਾਣੀ ਦੇਖ ਭਾਲ ਕੇ ਗ੍ਰਹਿਣ ਕਰਨਾ। ਭਿਖਿਆ ਦੇ 42 ਦੋਸ਼ਾਂ ਨੂੰ ਟਾਲ ਕੇ ਸ਼ੁਧ ਭੋਜਣ ਗ੍ਰਹਿਣ ਕਰਨਾ ਏਸ਼ਨਾ ਸਮਿਤੀ ਹੈ।

(4) ਆਦਾਨ ਭਾਂਡ ਮਾਤਰ ਨਿਕਸ਼ੇਪਨਾ ਸਮਿਤੀ— ਸੰਜਮ ਪੂਰਵ ਪ੍ਰਾਪਤ ਧਰਮ ਸਾਧਨ ਨੂੰ ਸਾਵਧਾਨੀ ਨਾਲ ਰਖਨਾ ਆਦਾਨ ਨਿਕਸ਼ੇਪਣ ਸਮਿਤੀ। ਅਸਾਵਧਾਨੀ ਜਾਂ ਪ੍ਰਮਾਦ ਪਾਪ ਦਾ ਪ੍ਰਮੁਖ ਕਾਰਣ ਹੈ।

(5) ਉੱਚਾਰ ਪ੍ਰਸਤਰਵਨ ਖੇਲ, ਜਲੇ, ਸਿਆਣ, ਪਰਿਸ਼ਠਾਪਨਿਕਾ ਸਮਿਤੀ— ਮੱਲ, ਮੂਤਰ ਅਤੇ ਹੋਰ ਗੰਦੇ ਪਦਾਰਥਾਂ ਨੂੰ ਸਾਵਧਾਨੀ ਅਤੇ ਦੇਖ ਭਾਲ ਕੇ ਤਿਆਗਨਾ।

**ਤਿੰਨ ਗੁਪਤੀ।—**

ਮਨ ਗੁਪਤੀ, ਬਚਨ ਗੁਪਤੀ ਅਤੇ ਕਾਇਆ ਗੁਪਤੀ। ਗੁਪਤੀ ਤੋਂ ਭਾਵ ਸੰਜਮ ਹੈ ਮਨ, ਬਚਨ ਤੇ ਕਾਇਆ ਦਾ ਸੰਜਮ ਹੈ।

ਮੁਨੀ ਨੂੰ ਦਸ ਪ੍ਰਕਾਰ ਦਾ ਧਰਮ ਪਾਲਨ ਕਰਨਾ ਜਰੂਰੀ ਹੈ :—

1) ਖਿਮਾ, 2) ਮੁਕਤੀ. 3) ਆਰਜਵ (ਸਰਲਤਾ) (4) ਮਾਰਦਵ (ਮਿਠਾਸ) (5) ਲਾਘਵ (ਯਸ਼ ਕੀਰਤੀ ਦਾ ਤਿਆਗ) (6) ਸੱਤ (ਸੱਚਾਈ) (7) ਸੰਜਮ (8) ਤੱਪ (9) ਤਿਆਗ (10) ਬ੍ਰਹਮਜਰਜ।

# ਦੂਸਰਾ ਅਧਿਐਨ ਕ੍ਰਿਆ ਸਥਾਨ

ਪਹਿਲੇ ਅਧਿਐਨ ਵਿਚ ਦਸਿਆ ਗਿਆ ਹੈ ਕਿ ਕਿਸ ਪ੍ਰਕਾਰ ਦੂਸਰੇ ਗਲਤ ਵਿਚਾਰਾਂ ਦੇ ਧਾਰਕ ਜੀਵ ਕਰਮ ਬੰਧ ਰੂਪੀ ਚਿਕੜ ਵਿਚ ਫਸਕੇ ਜਨਮ ਮਰਨ ਕਰਦੇ ਹਨ। ਸਮਿਅਕ ਸ਼ਰਧਾ ਵਾਲੇ, ਪਵਿੱਤਰ ਹਿਰਦੇ ਵਾਲੇ, ਰਾਗ ਦਵੇਸ਼ ਰਹਿਤ, ਵਿਸ਼ੇ ਕਸ਼ਾਏ (ਕਰੋਧ, ਮੋਹ, ਲੋਭ. ਹੰਕਾਰ) ਨੂੰ ਉਪਸ਼ਾਤ ਸ਼ਾਂਤ ਹੋ ਜਾਨ ਦੀ ਕ੍ਰਿਆ ਕਰਕੇ ਉੱਤਮ ਸਾਧੂ ਹੀ, ਕਰਮ ਬੰਧ ਖਤਮ ਹੋਣ ਤੇ ਮੋਕਸ਼ ਪ੍ਰਾਪਤ ਕਰਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਜੀਵ ਕਿਨ੍ਹਾਂ ਕਾਰਣਾਂ ਤੋਂ ਕਰਮਬੰਧਨ ਵਿਚ ਫਸਦਾ ਹੈ ? ਅਤੇ ਕਿਸ ਤਰ੍ਹਾਂ ਕਰਮ ਬੰਧਨ ਤੋਂ ਮੁਕਤ ਹੁੰਦਾ ਹੈ। ਇਸ ਪ੍ਰਸ਼ਨ ਦਾ ਉੱਤਰ ਦੂਸਰੇ ਕ੍ਰਿਆ ਸਥਾਨ ਅਧਿਐਨ ਵਿਚ ਹੈ।

ਕਰਮ (ਕ੍ਰਿਆ) ਨਾਲ ਬੰਧ ਹੁੰਦਾ ਹੈ। ਆਮ ਤੌਰ ਤੇ ਕ੍ਰਿਆ ਨੂੰ ਕਰਮਬੰਧ ਦਾ ਕਾਰਣ ਮੰਨਿਆ ਜਾਂਦਾ ਹੈ। ਪਰ ਅਜੇਹੀ ਕ੍ਰਿਆ ਵੀ ਹੈ ਜੋ ਕਰਮਬੰਧ ਤੋਂ ਮੁਕਤ ਕਰਾਉਂਦੀ ਹੈ। 12 ਪ੍ਰਕਾਰ ਦੀ ਕ੍ਰਿਆ ਕਰਮਬੰਧ ਦਾ ਕਾਰਣ ਅਤੇ ਇਕ ਪ੍ਰਕਾਰ ਦੀ ਕ੍ਰਿਆ ਮੋਕਸ਼ ਦਾ ਕਾਰਣ ਹੈ। ਕ੍ਰਿਆ ਸਥਾਨ ਤੋਂ ਭਾਵ ਹੈ ਕਿਸੇ ਕੰਮ ਵਿਚ ਲਗਨ ਦਾ ਕਾਰਣ। ਭਿੰਨ ਭਿੰਨ ਕੰਮਾਂ ਦੇ ਭਿੰਨ ਕਾਰਣ ਹਨ। ਇਨ੍ਹਾਂ ਕੰਮਾਂ ਵਿਚ ਲਗਨ ਦੇ ਕਾਰਣ (ਨਮਿਤਾਂ) ਨੂੰ ਹੀ ਕ੍ਰਿਆ ਸਥਾਨ ਆਖਦੇ ਹਨ।

ਕ੍ਰਿਆ ਸਥਾਨ ਦੋ ਪ੍ਰਕਾਰ ਦਾ ਹੈ—1) ਅਧਰਮ ਕ੍ਰਿਆ ਸਥਾਨ, 2) ਧਰਮ ਕ੍ਰਿਆ ਸਥਾਨ।

ਅਧਰਮ ਕ੍ਰਿਆ ਸਥਾਨ ਦੇ ਭੇਦ ਹਨ—1) ਅਰਥਦੰਡ, 2) ਅਨੱਰਥ ਦੰਡ, 3) ਹਿੰਸਾ ਦੰਡ 4) ਅਕਸਮਾਤ ਦੰਡ (5) ਦਰਿਸ਼ਟੀ ਵਿਪਰਿਆਸ ਦੰਡ (6) ਮਿਰਸ਼ਪ੍ਰਤੱਯ ਦੰਡ (7) ਅਦੱਤਾਦਾਨ ਪ੍ਰਤੱਯ ਦੰਡ 8) ਅਧਿਆਤਮ ਪ੍ਰਤੱਯ ਦੰਡ। (੯) ਮਾਨ ਪ੍ਰਤੱਯ ਦੰਡ (10) ਮਿੱਤਰ ਦੋਸ਼ ਪ੍ਰਤੱਯ ਦੰਡ (11) ਮਾਇਆ ਪ੍ਰਤੱਯ ਦੰਡ (12) ਲੋਭ ਪ੍ਰਤੱਯ ਦੰਡ।

ਧਰਮ ਕ੍ਰਿਆ ਇਨ੍ਹਾਂ ਕ੍ਰਿਆ ਸਥਾਨਾਂ ਦੀ ਗਿਨਤੀ 13 ਹੋ ਜਾਂਦੀ ਹੈ। ਆਮ ਤੌਰ ਤੇ ਕ੍ਰਿਆ ਦਾ ਅਰਥ ਹੁੰਦਾ ਹੈ ਹਿਲਨਾ, ਜੁਲਨਾ, ਹਰਕਤ, ਕੰਬਨ ਆਦਿ ਸ਼ਰੀਰ ਦੇ ਵਿਉਪਾਰ। ਜੈਨ ਤਰਕ ਸ਼ਾਸਤਰੀਆਂ ਨੇ ਇਸ ਦੇ ਦੋ ਭੇਦ ਕੀਤੇ ਹਨ।

1) ਦਰੱਵ ਕ੍ਰਿਆ 2) ਭਾਵ ਕ੍ਰਿਆ। ਘੜੇ ਆਦਿ ਜੜ ਪਦਾਰਥਾਂ ਤੇ ਚੇਤਨ ਦਰੱਬਾਂ ਦੀ ਹਰਕਤ ਦਰੱਵ ਕ੍ਰਿਆ ਹੈ ਅਤੇ ਭਾਵ ਕ੍ਰਿਆ 8 ਪ੍ਰਕਾਰ ਦੀ ਹੈ।

1) ਪ੍ਰਯੋਗ ਕ੍ਰਿਆ ਦੇ ਮਨ, ਬਚਨ ਤੇ ਕਾਇਆ ਪ੍ਰਯੋਗ ਆਦਿ ਭਿੰਨ ਭੇਦ ਹਨ। ਜਿਸ ਕ੍ਰਿਆ ਰਾਹੀਂ ਆਤਮਾ ਉਪਯੋਗ ਦਾ ਸਾਧਨ ਬਨਦੀ ਹੈ ਉਹ ਮਨ ਦਰਵ ਹੈ। ਉਸੇ ਤਰ੍ਹਾਂ ਬਚਨ ਤੇ ਕਾਇਆ ਪ੍ਰਯੋਗ ਸੰਬੰਧੀ ਸਮਝਨਾ ਚਾਹੀਦਾ ਹੈ। (2) ਜੋਹੜ ਉਪਾਅ

ਨਾਲ ਘੜੇ ਆਦਿ ਪਦਾਰਥ ਦਾ ਨਿਰਮਾਨ ਹੁੰਦਾ ਹੈ ਉਸੇ ਪ੍ਰਯੋਗ ਨੂੰ ਉਪਾਏ ਕ੍ਰਿਆ ਆਖਦੇ ਹਨ ।

3. ਜੋ ਵਸਤੂ ਜਿਸ ਤਰ੍ਹਾਂ ਕੀਤੀ ਜਾਂਦੀ ਹੈ ਉਸ ਨੂੰ ਉਸੇ ਤਰ੍ਹਾਂ ਕਰਨਾ ਹੀ ਕਰਨੀਆਂ ਕ੍ਰਿਆ ਹੈ ।

4. ਇਕੱਠ ਦੇ ਰੂਪ ਵਿਚ ਜਿਸ ਕ੍ਰਿਆ ਨੂੰ ਕਰਕੇ ਜੀਵ ਪ੍ਰਾਕ੍ਰਿਤੀ, ਸਥਿਤੀ, ਅਨੁਭਾਵ ਤੇ ਪ੍ਰਦੇਸ਼, ਰੂਪ ਨਾਲ ਅਪਣੇ ਅੰਦਰ ਸਥਾਪਿਤ ਕਰਦਾ ਹੈ ਉਸਨੂੰ ਸਮੁਦਾਨ ਕ੍ਰਿਆ ਆਖਦੇ ਹਨ ।

5. ਜੋ ਕ੍ਰਿਆ ਉਪਸ਼ਾਤ ਮੋਹ ਤੋਂ ਲੈਕੇ ਸੂਖਮ ਸੰਪਰਾਏ ਤੱਕ ਰਹਿੰਦੀ ਹੈ ਉਸਨੂੰ ਈਰੀਆ ਪੱਥ ਕ੍ਰਿਆ ਆਖਦੇ ਹਨ । (ਵੇਖੋਂ ਗੁਣ ਸਥਾਨ)

6. ਜਿਸ ਕ੍ਰਿਆ ਨਾਲ ਜੀਵ ਸਮਿਅਕ ਦਰਸ਼ਨ ਦੇ ਯੋਗ 77 ਕਰਮ ਪ੍ਰਾਕ੍ਰਿਤੀਆਂ ਦਾ ਬੰਧ (ਸੰਗ੍ਰਹਿ) ਕਰਦਾ ਹੈ ਉਸ ਨੂੰ ਸਮਿਅਕੱਤਵ ਕ੍ਰਿਆ ਆਖਦੇ ਹਨ ।

7 ਸਮਿਅਕੱਤਵ ਤੇ ਮਿਥਿਆਤਵ ਦੋਹਾਂ ਦਾ ਯੋਗ ਕਰਮ ਪ੍ਰਾਕ੍ਰਿਤੀਆਂ ਸਮਿਅਕੱਤਵ ਮਿਥਿਆਤਵ ਕ੍ਰਿਆ ਹੈ ।

8. ਤੀਰਥੰਕਰ ਨਾਮ, ਅਹਾਰਕ ਤੇ ਅਹਾਰਕ ਅੰਗ ਉਪਾਂਗ ਇਨ੍ਹਾਂ ਤਿੰਨਾਂ ਪਾਕ੍ਰਿਤੀਆਂ ਨੂੰ ਛੱਡ ਕੇ 117 ਪ੍ਰਾਕ੍ਰਿਤੀਆਂ ਨੂੰ ਜੀਵ ਜਿਸ ਕ੍ਰਿਆ ਰਾਹੀਂ ਪ੍ਰਾਪਤ ਹੁੰਦਾ ਹੈ । ਉਹ ਸਮਿਅੱਕ ਵਿਰਤੀ (ਭਾਵਨਾ) ਦੇ ਹਲਕੇ ਜਾਂ ਤੇਜ ਸਵਰੂਪ ਨਾਲ ਹੀ ਕਰਮ ਬੰਧ ਹੁੰਦਾ ਹੈ । ਉਸਨੂੰ ਮਿਥਿਆਤਵ ਕ੍ਰਿਆ ਆਖਦੇ ਹਨ ।

ਇਨ੍ਹਾਂ ਦਰੱਵ ਭਾਵ ਰੂਪ ਕ੍ਰਿਆਵਾਂ ਦੀ ਜੋ ਪ੍ਰਾਰਵਿਰਤੀ (ਨਮਿਤ ਕਾਰਣ) ਜਾਂ ਸਥਾਨ ਹਨ । ਉਸ ਨੂੰ ਕ੍ਰਿਆ ਸਥਾਨ ਆਖਦੇ ਹਨ ।

ਬੁੱਧ ਪ੍ਰੰਪਰਾ ਵਿਚ ਹਿੰਸਾਕਾਰੀ ਵਿਰਤੀ ਦੀ ਪਰਿਭਾਸ਼ਾ ਭਿੰਨ ਪ੍ਰਕਾਰ ਦੀ ਹੈ ਉਥੇ 5 ਅਵਸਥਾਵਾਂ ਦੀ ਹਿੰਸਾ ਨੂੰ ਹਿੰਸਾ ਮਨਿਆ ਜਾਂਦਾ ਹੈ ।

1) ਮਾਰਿਆ ਜਾਨ ਵਾਲਾ ਪ੍ਰਾਣੀ ਹੋਣਾ ਚਾਹੀਦਾ ਹੈ । (2) ਮਰਨ ਵਾਲੇ ਨੂੰ ਅਪਣੇ ਪ੍ਰਾਣੀ ਹੋਣ ਦਾ ਗਿਆਨ ਹੋਣਾ ਜਰੂਰੀ ਹੈ । (3) ਮਾਰਨ ਵਾਲਾ ਇਹ ਮੰਨੇ ਕਿ ਮੈਂ ਇਹ (ਪ੍ਰਾਣੀ) ਨੂੰ ਮਾਰ ਰਿਹਾ ਹਾਂ । (4) ਨਾਲ ਹੀ ਸ਼ਰੀਰਕ ਕ੍ਰਿਆ ਹੋਣੀ ਚਾਹੀਦੀ ਹੈ । (5) ਸ਼ਰੀਰਕ ਕ੍ਰਿਆ ਨਾਲ ਹੀ ਪ੍ਰਾਣੀ ਦਾ ਬੱਧ ਹੋਣਾ ਚਾਹੀਦਾ ਹੈ । ਇਨ੍ਹਾਂ ਗਲਾਂ ਨੂੰ ਵੇਖਦੇ ਹੋਏ ਬੁੱਧ ਪ੍ਰੰਪਰਾ ਵਿਚ ਅਕਸਮਾਤ ਦੰਡ, ਅਨਰਥ ਦੰਡ ਆਦਿ ਹਿੰਸਾ ਰੂਪ ਨਹੀਂ ਮੰਨੇ ਜਾ ਸਕਦੇ ।

# ਦੂਸਰਾ ਕ੍ਰਿਆ ਸਥਾਨ ਅਧਿਐਨ

(ਗਨਧਰ ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ, ਨੂੰ ਆਖਦੇ ਹਨ) ਹੇ ਆਯੁਸ਼-ਮਾਨ ! ਮੈਂ ਉਸ ਭਗਵਾਨ ਮਹਾਵੀਰ ਤੋਂ ਇਸ ਪ੍ਰਕਾਰ ਸੁਣਿਆ ਹੈ ਕਿ ਇਸ ਜੈਨ ਧਰਮ ਵਿੱਚ ਕਿਰਿਆ ਸਥਾਨ ਨਾਂ ਦਾ ਅਧਿਐਨ ਹੈ ਉਸਦਾ ਅਰਥ ਇਸ ਪ੍ਰਕਾਰ ਹੈ "ਇਸ ਲੋਕ ਵਿੱਚ ਦੋ ਸਥਾਨ ਹੀ ਆਮ ਤੌਰ ਤੇ ਆਖੇ ਜਾਂਦੇ ਹਨ, ਇਕ ਧਰਮ ਸਥਾਨ ਤੇ ਦੂਸਰਾ ਅਧਰਮ ਸਥਾਨ ਜਾਂ ਇਕ ਉਪਸ਼ਾਂਤ ਸਥਾਨ ਅਤੇ ਦੂਸਰਾ ਅਨਉਪਸ਼ਾਂਤ ਸਥਾਨ ।

ਇਨ੍ਹਾਂ ਦੋਹਾਂ ਵਿਚੋਂ ਪਹਿਲਾਂ ਅਧਰਮ ਸਥਾਨ ਦਾ ਅਰਥ ਇਸ ਪ੍ਰਕਾਰ ਹੈ 'ਇਸ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਤੇ ਉਪ ਦਿਸ਼ਾਵਾਂ ਵਿੱਚ ਅਨੇਕਾਂ ਪ੍ਰਕਾਰ ਦੇ ਮਨੁੱਖ ਰਹਿੰਦੇ ਹਨ । ਕੋਈ ਆਰਿਆ ਹੈ ਕੋਈ ਅਨਾਰਿਆ ਹੈ, ਕਈ ਉਚੇ ਗੋਤ ਵਾਲਾ ਹੈ, ਕੋਈ ਨੀਵੇਂ ਗੋਤ ਵਾਲਾ ਹੈ, ਕੋਈ ਲੰਬਾ ਹੈ, ਕੋਈ ਛੋਟਾ ਹੈ, ਕੋਈ ਸੁੰਦਰ ਹੈ, ਕੋਈ (ਅਸੁੰਦਰ) ਵਾਲਾ ਹੈ, ਕੋਈ ਸਰੂਪ ਹੈ, ਕੋਈ ਕਰੂਪ ਹੈ ।

ਉਨ੍ਹਾਂ ਮਨੁੱਖਾਂ ਵਿੱਚ ਅੱਗੇ ਆਖੇ ਗਏ, ਅਨੁਸਾਰ, ਪਾਪ ਕਰਮ ਕਰਨ ਦਾ ਸੰਕਲਪ ਵਿਕਲਪ ਹੁੰਦਾ ਹੈ ਜਿਵੇਂ ਨਾਰਕੀ, ਪਸ਼ੂ, ਮਨੁੱਖ ਤੇ ਦੇਵਤੇ ਜਾਂ ਹੋਰ ਹਨ ਉਨ੍ਹਾਂ ਵਿੱਚ ਸਮਝਦਾਰ ਜੀਵ ਹਨ ਉਹ ਸੁੱਖ-ਦੁੱਖ ਨੂੰ ਅਨੁਭਵ ਕਰਦੇ ਹਨ । ਉਨ੍ਹਾਂ ਵਿੱਚ ਇਹ ਤੇਰਹਾ ਕ੍ਰਿਆ ਸਥਾਨ (ਪਰਵਿਰਤੀ ਦਾ ਕਾਰਣ) ਤੀਰਥੰਕਰ ਸ੍ਰੀ ਅਰਿਹੰਤ ਭਗਵਾਨ ਨੇ ਆਖੇ ਹਨ ।

1. ਅਰਥਦੰਡ—ਅਪਣੇ ਜਾ ਕਿਸੇ ਜਰੂਰਤ ਲਈ [ਡੰਡੇ] ਆਦਿ ਨਾਲ ਹਿੰਸਾ ਆਦਿ ਪਾਪ ਕ੍ਰਿਆ ਕਰਨਾ ।
2. ਅਨਰਥ ਦੰਡ—ਬਿਨਾ ਕਾਰਣ ਡੰਡੇ ਨਾਲ ਹਿੰਸਕ ਕ੍ਰਿਆ ਕਰਨਾ ।
3. ਹਿੰਸਾ ਦੰਡ—ਪ੍ਰਾਣੀਆਂ ਦੀ ਹਿੰਸਾ ਦੇ ਰੂਪ ਵਿੱਚ ਪਾਪ ਕਰਨਾ ।
4. ਅਕਸ਼ਮਾਤ ਦੰਡ—ਕਿਸੇ ਦੇ ਅਪਰਾਧ ਦਾ ਹੋਰ ਕਿਸੇ ਨੂੰ ਦੰਡ ਦੇਣਾ ।
5. ਦਰਿਸ਼ਟੀ ਵਿਪਰਿਆਸ ਦੰਡ—ਨਜਰ ਦੇ ਭੁਲੇਖੇ ਨਾਲ ਪੱਥਰ ਨੂੰ ਪੰਛੀ ਸਮਝ ਕੇ ਤੀਰ ਨਾਲ ਵਾਰ ਕਰਨਾ ।
6. ਮਰਿਸ਼ਾਪ੍ਰਤਿਯਕ—ਮਿਥਿਆ ਬੋਲ ਕੇ ਪਾਪ ਕਰਨਾ (ਝੂਠ ਬੋਲਨਾ)
7. ਅਦੱਤਾਦਾਨ ਪ੍ਰਤਿਯਕ—ਬਿਨਾਂ ਦਿਤੀ ਵਸਤੂ ਗ੍ਰਹਿਣ ਕਰਨਾ (ਚੋਰੀ ਕਰਨਾ)
8. ਅਧਿਆਤਮ ਪ੍ਰਤਿਯਕ—ਮਨ ਵਿਚ ਬੁਰਾ ਚਿੰਤਨ ਮਨਨ ਕਰਨਾ ।
9. ਮਾਨ ਪ੍ਰਤਿਯਕ— ਜਾਤ ਦੇ ਹੰਕਾਰ ਵਸ ਦੂਸ਼ਰੇ ਨੂੰ ਨੀਵਾਂ ਜਾਨਣਾ ।
10. ਮਿੱਤਰ ਦੋਸ਼ ਪ੍ਰਤਿਯਕ— ਮਿੱਤਰਾਂ ਦੇ ਨਾਲ ਦਵੇਸ਼ ਵੱਸ ਠੱਗੀ ਕਰਨਾ ।
11. ਮਾਇਆ ਪ੍ਰਤਿਯਕ— ਛਲਕਪਟ ਠੱਗੀ ਆਦਿ ਕਰਨਾ ।
12. ਲੋਭ ਪ੍ਰਤਿਯਕ—ਲੋਭ ਕਰਨਾ ।

13. ਈਰਿਆ ਪਾਥਿਕ— ਪੰਜ ਸਮਿਤੀ ਤੇ ਤਿੰਨ ਗੁਪਤੀ ਦਾ ਪਾਲਨ ਕਰਦੇ ਵੀ ਪਾਪ ਕਰਮ ਹੋ ਜਾਣਾ ਏਰੀਆ ਪਥਿਕ ਕ੍ਰਿਆ ਸਥਾਨ ਹੈ। (16)

(ਇਨ੍ਹਾਂ 13 ਕ੍ਰਿਆ ਸਥਾਨਾਂ ਰਾਹੀਂ ਕਰਮ ਬੰਧ ਹੁੰਦਾ ਹੈ)

**1. ਅਰਥ ਦੰਡ ਪ੍ਰਤਿਯਕ—**

ਪਹਿਲਾ ਅਰਥ ਦੰਡ ਕ੍ਰਿਆ ਸਥਾਨ ਪ੍ਰਤਿਯਕ ਹੈ। ਕੋਈ ਪੁਰਸ਼ ਅਪਣੇ ਲਈ, ਜਾਤ ਵਾਲੇ ਲਈ, ਅਪਣੇ ਘਰ ਜਾਂ ਪਰਿਵਾਰ, ਮਿੱਤਰ ਲਈ, ਭੂਤ ਨਾਗ, ਯਕਸ਼ ਆਦਿ (ਦੇਵਤੇ) ਆਦਿ ਖੁਦ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ, ਦਿਵਾਉਂਦਾ ਹੈ ਜਾਂ ਦੇਣ ਵਾਲੇ ਦਾ ਸਮਰਥਕ ਕਰਦਾ ਹੈ। ਅਜੇਹੀ ਸਥਿਤੀ ਵਿਚ ਉਸ ਕ੍ਰਿਆ ਕਾਰਣ ਨਮਿਤ ਸਾਵਦਯ (ਪਾਪ) ਕਰਮ ਦਾ ਬੰਧ ਹੁੰਦਾ ਹੈ ਉਸ ਪ੍ਰਕਾਰ ਦੇ ਪਹਿਲੇ ਕ੍ਰਿਆ ਸਥਾਨ ਨੂੰ ਅਰਥ ਦੰਡ ਪ੍ਰਤਿਯਕ ਕਿਹਾ ਗਿਆ ਹੈ। (17)

**2. ਅਨਰਥ ਦੰਡ ਪ੍ਰਤਿਯਕ—**

ਇਸ ਤੋਂ ਵਾਅਦ ਦੂਸਰਾ ਕ੍ਰਿਆ ਸਥਾਨ ਅਨਰਥ ਦੰਡ ਪ੍ਰਤਿਯਕ ਹੈ। ਜਿਵੇਂ ਕੋਈ ਪੁਰਸ਼ ਅਜੇਹਾ ਹੁੰਦਾ ਹੈ ਜੋ ਤਰੱਸ ਪ੍ਰਾਣੀਆਂ ਨੂੰ ਅਪਣੀ ਸ਼ਰੀਰ ਦੀ ਰੱਖਿਆ ਤੇ ਸੰਸਕਾਰ ਲਈ, ਚਮੜੇ ਲਈ, ਮਾਸ ਤੇ ਖੂਨ ਲਈ ਨਹੀਂ ਮਾਰਦਾ।

ਹਿਰਦਾ, ਪਿੱਤਾ, ਚਰਬੀ, ਫੰਗ, ਪੂੰਛ, ਬਾਲ, ਸਿੰਗ, ਵਿਸ਼ਾਨ, ਦੰਦ, ਜਾੜ, ਨੌਂਹ, ਨਾੜ, ਹੱਡੀ ਦੀ ਚਰਬੀ ਲਈ ਨਹੀਂ ਮਾਰਦਾ।

ਇਸ ਜੀਵ ਨੇ ਮੇਰੇ ਰਿਸ਼ਤੇਦਾਰ ਨੂੰ ਮਾਰਿਆ ਹੈ ਜਾਂ ਮਾਰ ਰਿਹਾ ਹੈ ਜਾਂ ਮਾਰੇਗਾ ਇਸ ਲਈ ਨਹੀਂ ਮਾਰਦਾ।

ਪੁੱਤਰ, ਪਸ਼ੂ ਦੇ ਪਾਲਨ ਪੋਸ਼ਨ, ਘਰ ਦੀ ਮੁਰੰਮਤ ਤੇ ਸੁਰੱਖਿਆ ਲਈ ਨਹੀਂ ਮਾਰਦਾ,

ਸ਼੍ਰਮਣ ਤੇ ਬ੍ਰਾਹਮਣ ਦੇ ਜੀਵਨ ਨਿਰਵਾਹ ਲਈ ਅਤੇ ਅਪਣੇ ਸਰੀਰ ਦੇ ਪ੍ਰਾਣਾਂ ਦੀ ਰਖਿਆ ਲਈ ਨਹੀਂ ਮਾਰਦਾ।

ਬਿਨਾਂ ਕਿਸੇ ਮਕਸਦ (ਜਰੂਰਤ) ਤੋਂ ਹੀ ਉਹ ਮੂਰਖ ਮਨੁੱਖ, ਇਨ੍ਹਾਂ ਜੀਵਾਂ ਨੂੰ ਬੇਅਰਥ ਕਸ਼ਟ (ਦੰਡ) ਦਿੰਦਾ ਹੈ, ਮਾਰਦਾ ਹੈ, ਛੇਕਦਾ ਹੈ, ਛੇਲਦਾ ਹੈ. ਅੰਗ ਕੱਟਦਾ ਹੈ, ਚਮੜੀ ਤੇ ਅੱਖ ਕੱਢਦਾ ਹੈ, ਉਖਾੜਦਾ ਹੈ, ਡਰਾਉਂਦਾ ਹੈ, ਧਮਕਾਉਂਦਾ ਹੈ। ਅਜੇਹਾ ਮਨੁੱਖ ਵਿਵੇਕਹੀਣ ਹੈ, ਇਸੇ ਕਾਰਣ ਉਹ ਇਸ ਮਕਸਦ (ਉੱਦੇਸ਼) ਦੇ ਜੀਵਾਂ ਦੇ ਬੇਅਰਥ ਵੈਰ ਦਾ ਕਾਰਣ ਬਨ ਜਾਂਦਾ ਹੈ।

ਜਿਵੇਂ ਕੋਈ ਪੁਰਸ਼ ਬਿਨਾਂ ਕਾਰਣ ਹੀ ਇਨ੍ਹਾ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ

ਜਿਵੇਂ ਇਕੜ, ਕਠਿਨ, ਜਤੂਨ, ਪਰਕ ਮੋਥਾ, ਘਾਹ [ਤਰਿਨ] ਕੁਸ਼ਾ, ਕੁਛਕ, ਪਰਵਕ ਤੇ ਪਲਾਲ ਆਦਿ ਬਨਾਸਪਤੀਆਂ ਨੂੰ ਬੇਅਰਥ ਦੰਡ ਦਿੰਦਾ ਹੈ। (ਭਾਵ ਇਨ੍ਹਾਂ ਦਾ ਵਿਨਾਸ਼ ਕਰਦਾ ਹੈ)

ਉਹ ਮਨੁੱਖ ਬਨਾਸਪਤੀਆਂ ਨੂੰ ਪੁੱਤਰ, ਪਸ਼ੂ, ਘਰ ਦੀ ਰਖਿਆ, ਸ਼੍ਰਮਣ ਤੇ ਬ੍ਰਾਹਮਣ ਦੀ ਜਰੂਰਤ ਲਈ ਦੰਡ ਨਹੀਂ ਦਿੰਦਾ, ਇਹ ਬਨਾਸਪਤੀਆਂ ਉਸਦੀ ਸ਼ਰੀਰਕ ਰੱਖਿਆ ਦੇ ਕੰਮ ਵੀ ਨਹੀਂ ਆਉਂਦੀਆਂ।

ਫੇਰ ਵੀ ਉਹ ਅਨਜਾਨ, ਬੇਅਰਥ ਹੀ ਇਨ੍ਹਾਂ ਦਾ ਹਨਣ, ਛੇਦਨ, ਭੇਦਨ, ਖੰਡਨ, ਵਿਨਾਸ਼ ਤੇ ਉਪਦਰਵ ਕਰਦਾ ਹੈ। ਵਿਵੇਕ ਦਾ ਤਿਆਗ ਕਰਕੇ ਉਹ ਮੂਰਖ ਬੇਅਰਥ ਹੀ ਪ੍ਰਾਣੀਆਂ ਨੂੰ ਦੰਡ ਦੇ ਕੇ, ਵੈਰ ਦਾ ਕਾਰਣ ਬਣਦਾ ਹੈ।

ਜਿਵੇਂ ਕੋਈ ਮਨੁੱਖ ਨਦੀ, ਤੱਟ, ਤਲਾਬ, ਝਰਨਾ, ਘਾਹ ਤੇ ਪਏ ਜਲ ਕਣ, ਨਦੀ ਰਾਹੀਂ ਘੇਰੇ ਸਥਾਨਾਂ, ਹਨੇਰੇ ਵਾਲੇ ਸਥਾਨ, ਔਖੇ ਸਥਾਨ, ਜੰਗਲਾਂ, ਘੋਰ ਜੰਗਲਾਂ, ਦੁਰਗਮ ਥਾਵਾਂ, ਪਰਬਤਾਂ, ਕਿਲੇਆਂ ਵਿਚ ਉਗੇ ਤਿਨਕੇ ਜਾਂ ਘਾਹ ਨੂੰ ਵਿਛਾ ਕੇ ਜਾਂ ਫੈਲਾ ਕੇ ਖੁਦ ਅੱਗ ਜਲਾਉਂਦਾ ਹੈ ਦੂਸਰੇ ਤੋਂ ਲਗਵਾਉਂਦਾ ਹੈ ਜਾਂ ਅਜੇਹਾ ਕਰਦੇ ਨੂੰ ਚੰਗਾ ਜਾਣਦਾ ਹੈ। ਅਜੇਹਾ ਆਦਮੀ ਬਿਨਾ ਕਾਰਣ ਜੀਵ ਘਾਤ ਕਰਕੇ ਬੇਅਰਥ ਦੰਡ ਦਾ ਭਾਗੀ ਬਣਦਾ ਹੈ। ਅਜੇਹਾ ਪੁਰਸ਼ ਬੇਅਰਥ ਪ੍ਰਾਣੀਆਂ ਦੇ ਘਾਤ ਕਰਨ ਵਾਲਾ ਪਾਪ ਕਰਮ (ਸਾਵਦਯ ਕਰਮ) ਇਕੱਠਾ ਕਰਦਾ ਹੈ। ਇਹ ਦੂਸਰਾ ਅਨਰਥ ਦੰਡ ਪ੍ਰਤਯਕ ਕ੍ਰਿਆ ਸਥਾਨ ਹੈ। (18)

## 3. ਹਿੰਸਾ ਦੰਡ ਪ੍ਰਤਯਕ ਕ੍ਰਿਆ ਸਥਾਨ—

ਇਸ ਤੋਂ ਬਾਅਦ ਤੀਸਰਾ ਹਿੰਸਾ ਦੰਡ ਪ੍ਰਤਯਕ ਕ੍ਰਿਆ ਸਥਾਨ ਹੈ ਜਿਵੇਂ ਕੋਈ ਮਨੁੱਖ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ ਤੇ ਸੋਚਦਾ ਹੈ "ਇਸ (ਤਰਸ ਜਾਂ ਸਥਾਵਰ) ਨੇ ਮੇਰੇ ਜਾਂ ਮੇਰੇ ਰਿਸ਼ਤੇਦਾਰ ਨੂੰ ਅਤੇ ਦੂਸਰੇ ਜਾਂ ਹੋਰ ਦੂਸਰੇ ਰਿਸ਼ਤੇਦਾਰ ਨੂੰ ਮਾਰਿਆ ਸੀ, ਮਾਰ ਰਿਹਾ ਹੈ ਜਾਂ ਮਾਰੇਗਾ। ਇਸ ਲਈ ਉਹ ਮਨੁੱਖ ਦੂਸਰੇ ਤਰੱਸ ਤੇ ਸਥਾਵਰ ਜੀਵਾਂ ਨੂੰ ਦੰਡ ਦਿਲਾਉਂਦਾ ਹੈ। ਅਜੇਹਾ ਕਰਦੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪੁਰਸ਼ਾਂ ਪ੍ਰਾਣੀਆਂ ਨੂੰ ਹਿੰਸਾ ਦੰਡ ਦਿੰਦਾ ਹੈ। ਅਜੇਹੇ ਪੁਰਸ ਨੂੰ ਸਾਵਦਯ ਕਰਮ ਦਾ ਬੰਧ ਦੰਡ ਹੈ। ਇਹ ਤੀਸਰਾ ਕ੍ਰਿਆ ਸਥਾਨ ਹਿੰਸਾ ਦੰਡ ਪ੍ਰਤਯਕ ਹੈ। (19)

## 4. ਅਕਸਮਾਤ ਦੰਡ ਕ੍ਰਿਆ ਸਥਾਨ —

ਇਸ ਤੋਂ ਬਾਅਦ ਚੌਥਾ ਕ੍ਰਿਆ ਸਥਾਨ ਅਕਸਮਾਤ ਦੰਡ ਪ੍ਰਤਯਕ ਅਖਵਾਉਂਦਾ ਹੈ। ਜਿਵੇਂ ਕੋਈ ਮਨੁੱਖ ਨਦੀ ਦੇ ਕਿਨਾਰੇ ਜਾਂ ਕਿਸੇ ਘੋਰ ਜੰਗਲ ਵਿਚ ਜਾ ਕੇ ਮਿਰਗ ਮਾਰਨ ਦੀ ਹਰਕਤ ਕਰਦਾ ਹੈ, ਮਿਰਗ ਦਾ ਧਿਆਨ ਰਖਦਾ ਹੈ, ਮਿਰਗ ਮਾਰਨ ਚਲ ਪੈਂਦਾ ਹੈ। "ਇਹ ਮਿਰਗ ਹੈ" ਇਹ ਜਾਂਣਕੇ ਕਿਸੇ ਇਕ ਮਿਰਗ ਨੂੰ ਮਾਰਨ ਲਈ ਖੀਚ ਕੇ ਤੀਰ

ਚਲਾਉਂਦਾ ਹੈ। ਪਰ ਓਸ ਮਿਰਗ ਨੂੰ ਮਾਰਨ ਲਈ ਚਲਿਆ ਤੀਰ, ਠਿਕਾਨੇ ਤੇ ਨਾ ਲਗਕੇ ਕਿਸੇ ਹੋਰ ਤੀਤਰ, ਬਟੇਰ, ਚਿੜੀ, ਲਾਵਕ, ਕਬੂਤਰ, ਬੰਦਰ, ਕਪਿਜਲ, ਪੰਛੀ ਦੇ ਲਗੇ। ਇਸ ਨਾਲ ਕਿਸੇ ਹੋਰ ਦੇ ਪ੍ਰਾਣਾਂ ਦਾ ਘਾਤਕ ਹੁੰਦਾ ਹੈ। ਅਜੇਹੀ ਹਾਲਤ ਵਿਚ ਉਹ ਮਨੁੱਖ ਕਿਸੇ ਹੋਰ ਲਈ ਛਡੇ ਤੀਰ ਨਾਲ ਕਿਸੇ ਹੋਰ ਪ੍ਰਾਣੀ ਦਾ ਘਾਤ ਕਰਦਾ ਹੈ। ਅਜੇਹੀ ਦੰਡ (ਹਿੰਸਾ) ਦੀ ਭਾਵਨਾ ਨਾ ਹੋਣ ਤੇ ਵੀ, ਜੋ ਅਚਾਨਕ ਹੋ ਜਾਂਦੀ ਹੈ ਉਹ ਅਕਸਮਾਤ ਦੰਡ ਹੈ।

ਜਿਵੇਂ ਕੋਈ ਪੁਰਸ ਸ਼ਾਲੀ, ਬ੍ਰੀਹੀ, ਕੋਦਰਵ, ਕੰਗੂ, ਪਰਕ ਤੇ ਰਾਲ (ਸਾਰੇ ਅਨਾਜ) ਨੂੰ ਸਾਫ ਕਰਦਾ ਹੋਇਆ, ਕਿਸੇ ਘਾਹ ਨੂੰ ਕੱਟਣ ਲਈ ਹਥਿਆਰ ਚਲਾਏ ਅਤੇ "ਮੈਂ ਸਿਆਮਕ, ਘਾਹ, ਕੁਮਦ ਆਦਿ ਘਾਹ ਨੂੰ ਕੱਟਾਂ" ਅਜੇਹਾ ਆਦਮੀ ਨਿਸ਼ਾਨੇ ਤੋਂ ਭੂਲਕੇ ਸ਼ਾਲੀ, ਬ੍ਰੀਹੀ, ਕੋਦਰਵ, ਕੰਗੂ, ਪਰਕ ਤੇ ਰਾਲ ਦੇ ਪੌਦਿਆਂ ਨੂੰ ਛਾਂਗਦਾ ਹੈ। ਇਸ ਤਰ੍ਹਾਂ ਇਹ ਦੰਡ ਨਿਸ਼ਾਨਾ ਹੋਣ ਤੇ ਵੀ ਅਚਾਨਕ ਹੋ ਜਾਣ ਕਾਰਣ ਅਕਸਮਾਤ ਦੰਡ ਅਖਵਾਂਦਾ ਹੈ। ਇਸ ਪ੍ਰਕਾਰ ਅਕਸਮਾਤ ਦੰਡ ਦੇਣ ਵਾਲੇ ਨੂੰ ਉਸ ਘਾਤਕ ਪੁਰਸ਼ ਨੂੰ ਸਾਵਦਯ ਕਰਮ ਦਾ ਬੰਧ ਹੁੰਦਾ ਹੈ। ਉਸੇ ਨੂੰ ਅਕਸਮਾਤ ਦੰਡ ਪ੍ਰਤਯਕ ਆਖਦੇ ਹਨ। (20)

### 5. ਦਰਿਸ਼ਟੀ ਵਿਪਾਰਿਆਸ ਦੰਡ ਪ੍ਰਤਯਕ—

ਇਸ ਤੋਂ ਬਾਅਦ ਪੰਜਵਾਂ ਕ੍ਰਿਆ ਸਥਾਨ ਦਰਿਸ਼ਟੀ ਵਿਪਰਿਆਸ ਦੰਡ ਪ੍ਰਤਯਕ ਵਾਰੇ ਆਖਿਆ ਜਾਂਦਾ ਹੈ ਮਾਂ, ਪਿਓ, ਭਾਈ, ਭੈਣ, ਇਸਤਰੀ, ਪੁਤਰ, ਪੁਤਰੀ ਅਤੇ ਨੂੰਹ ਦੇ ਨਾਲ ਰਹਿੰਦਾ ਹੋਇਆ ਕੋਈ ਪੁਰਸ਼ ਮਿੱਤਰ ਨੂੰ ਦੁਸ਼ਮਨ ਸਮਝਕੇ, ਦੁਸ਼ਮਨੀ ਦੇ ਸ਼ਕ ਕਾਰਣ ਮਿੱਤਰ ਨੂੰ ਮਾਰ ਦਿੰਦਾ ਹੈ। ਇਸੇ ਨੂੰ ਦਰਿਸ਼ਟੀ ਵਿਪਰਿਆਸ ਪ੍ਰਤਯਕ ਆਖਦੇ ਹਨ। ਕਿਉਂਕਿ ਇਹ ਦੰਡ ਗਲਤ ਫਹਿਮੀ ਦਾ ਸਿੱਟਾ ਹੁੰਦਾ ਹੈ, ਜਾਨ ਬੁਝਕੇ ਨਹੀਂ।

ਪਿੰਡ, ਨਗਰ, ਖੇੜ, ਕਬੱਡ, ਮੰਡਬ, ਦਰੋਨਮੁੱਖ, ਪਤਨ, ਆਸ਼ਰਮ, ਸਨੀਵੇਸ਼ ਨਿਗਮ ਤੇ ਰਾਜਧਾਨੀ ਵਿੱਚ ਘਾਤ ਦੇ ਸਮੇਂ ਜੇ ਕੋਈ ਪੁਰਸ਼ ਕਿਸੇ ਚੋਰ ਤੋਂ ਭਿੰਨ ਹੋਰ ਨੂੰ ਚੋਰ ਸਮਝ ਕੇ ਮਾਰੇ ਤਾਂ ਉਹ ਆਦਮੀ ਗਲਤੀ ਨਾਲ ਮਾਰਦਾ ਹੈ। ਇਸ ਦੰਡ ਨੂੰ ਦਰਿਸ਼ਟੀ ਵਿਪ-ਰਿਆਸ ਦੰਡ ਆਖਦ ਹਨ।

ਕਿਸੇ ਹੋਰ ਪੁਰਸ਼ ਦੇ ਭੁਲੇਖੇ, ਕਿਸੇ ਦੂਸਰੇ ਨੂੰ ਮਾਰਦਾ ਹੈ ਉਸਨੂੰ ਦਰਿਸ਼ਟੀ ਪਰਿਆਸ ਦੰਡ ਪਾਪ ਲਗਦਾ ਹੈ।

ਇਹ ਦਰਿਸ਼ਟੀ ਪਰਿਆਸ ਦੰਡ ਪ੍ਰਤਯਕ ਨਾਮਕ ਪੰਜਵਾਂ ਕ੍ਰਿਆ ਸਥਾਨ ਦਾ ਸਵਰੂਪ ਹੈ। (21)

### 6. ਮਰਿਸ਼ਾ ਪ੍ਰਤਯਕ—

ਇਸ ਤੋਂ ਵਾਅਦ ਛੇਵਾਂ ਕ੍ਰਿਆ ਸਥਾਨ ਮਰਿਸ਼ਾ (ਝੂਠ) ਪ੍ਰਤਯਕ ਹੈ। ਜੋ ਮਰਿਸ਼ਾ

ਪ੍ਰਤਯਕ ਅਖਵਾਉਂਦਾ ਹੈ। ਜੇ ਕੋਈ ਪੁਰਸ਼ ਅਪਣੇ ਲਈ ਜਾਂ ਅਪਣੀ ਜਾਤੀ ਲਈ, ਅਪਣੇ ਘਰ ਜਾਂ ਅਪਣੇ ਪਰਿਵਾਰ ਲਈ ਝੂਠ ਬੋਲਦਾ ਹੈ ਦੂਸਰੇ ਤੋਂ ਬੁਲਵਾਉਂਦਾ ਹੈ ਜਾਂ ਝੂਠ ਦੀ ਹਿਮਾਇਤ ਕਰਦਾ ਹੈ, ਅਜੇਹਾ ਕਰਨ ਵਾਲੇ ਨੂੰ ਝੂਠ ਦਾ ਪਾਪ ਲਗਦਾ ਹੈ। ਇਸ ਪ੍ਰਕਾਰ ਛੇਵੇਂ ਕ੍ਰਿਆ ਸਥਾਨ ਮਰਿਸ਼ਾ ਪ੍ਰਤਯਕ ਦਾ ਸਵਰੂਪ ਆਖਿਆ ਗਿਆ ਹੈ। (22)

## 7. ਅਦੱਤਾ ਦਾਨ ਪ੍ਰਤਯਕ—

ਇਸ ਤੋਂ ਵਾਅਦ ਸੱਤਵਾਂ ਕ੍ਰਿਆ ਸਥਾਨ ਅਦੱਤਾ ਦਾਨ ਪ੍ਰਤਯਕ ਹੈ। ਜਿਵੇਂ ਕੋਈ ਮਨੁੱਖ ਅਪਣੇ ਲਈ, ਅਪਣੀ ਜਾਤ, ਘਰ, ਪਰਿਵਾਰ ਲਈ ਕਿਸੇ ਵਸਤੂ ਨੂੰ ਬਿਨਾ ਦਿਤੇ ਗ੍ਰਹਿਣ ਕਰਦਾ ਹੈ, ਕਰਾਉਂਦਾ ਹੈ ਜਾਂ ਕਰਨ ਵਾਲੇ ਦੀ ਹਿਮਾਇਤ ਕਰਦਾ ਹੈ। ਉਸ ਆਦਮੀ ਨੂੰ ਅਦੱਤਾ ਦਾਨ ਸੰਬੰਧੀ ਪਾਪ ਲਗਦਾ ਹੈ। ਇਸ ਸੱਤਵੇਂ ਅਦੱਤਾ ਦਾਨ ਕ੍ਰਿਆ ਸਥਾਨ ਦਾ ਸਵਰੂਪ ਹੈ। (23)

## 8, ਆਧਿਆਤਮ ਪ੍ਰਤਯਕ—

ਇਸ ਤੋਂ ਵਾਅਦ ਅੱਠਵਾਂ ਕ੍ਰਿਆ ਸਥਾਨ, ਅਧਿਆਤਮ ਪ੍ਰਤਯਕ ਅਖਵਾਉਂਦਾ ਹੈ। ਜਿਵੇਂ ਕੋਈ ਮਨੁੱਖ ਹੁੰਦਾ ਹੈ, ਉਸ ਮਨੁੱਖ ਨੂੰ ਕਲੇਸ਼ ਦੇਣ ਵਾਲਾ ਕੋਈ ਵੀ ਨਾ ਹੋਵੇ ਤਾਂ ਵੀ ਉਹ ਪੁਰਸ਼ ਅਪਣ ਆਪਨੂੰ ਦੀਨ, ਹੀਨ, ਦੁਖੀ, ਉਦਾਸ ਤੇ ਮਨ ਵਿਚ ਕਲਪਦਾ ਰਹਿੰਦਾ ਹੈ, ਚਿੰਤਾ ਤੇ ਗਮ ਦੇ ਸਮੁੰਦਰ ਵਿਚ ਡੁਬਿਆ ਰਹਿੰਦਾ ਹੈ। ਹਥੇਲੀ ਤੇ ਠੋਡੀ ਰਖਕੇ ਅਤੇ ਨੀਵੇਂ ਵਲ ਮੂੰਹ ਕਰਕੇ ਆਰਤ (ਦੁੱਖ) ਧਿਆਨ ਕਰਦਾ ਹੈ। ਸਚਮੁਚ ਉਸ ਵਿਚ ਚਾਰ ਭਰੀਆਂ ਪਈਆਂ ਹਨ ਜ ਇਸ ਪ੍ਰਕਾਰ ਹਨ, ਕਰੋਧ, ਮਾਨ, ਮਾਇਆ, ਲੋਭ ਇਸ ਪ੍ਰਕਾਰ ਦਾ ਕਰਮ ਵਾਲਾ ਅਧਿਆਤਮ ਸੰਬੰਧੀ ਪਾਪ ਕਰਮ ਦਾ ਬੰਧ ਕਰਦਾ ਹੈ ਇਹ। ਅੱਠਵਾਂ ਅਧਿਆਤਮ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਹੈ। (24)

## 9. ਮਾਨ ਪ੍ਰਤਯਕ—

ਇਸ ਤੋਂ ਵਾਅਦ ਨੌਵੇਂ ਕ੍ਰਿਆ ਸਥਾਨ ਨੂੰ ਮਾਨ ਪ੍ਰਤਯਕ ਆਖਦੇ ਹਨ ਜਿਵੇਂ ਕੋਈ ਮਨੁੱਖ ਜਾਤ, ਹੰਕਾਰ, ਸ਼ਾਸਤਰ ਗਿਆਨ ਹੰਕਾਰ, ਲਾਭ ਹੰਕਾਰ, ਐਸ ਈਸ਼ਰਤ ਦਾ ਹੰਕਾਰ, ਬੁੱਧੀ ਦਾ ਹੰਕਾਰ ਵਿਚੋਂ ਕਿਸੇ ਇਕ ਹੰਕਾਰ ਨੂੰ ਕਰਦਾ ਹੋਇਆ, ਦੂਸਰੇ ਪ੍ਰਾਣੀਆਂ ਪ੍ਰਤਿ ਲਾਪਰਵਾਹੀ ਕਰਦਾ ਹੈ, ਨਿੰਦਾ ਕਰਦਾ ਹੈ, ਘਿਰਨਾ ਕਰਦਾ ਹੈ, ਆਲੋਚਨਾ ਕਰਦਾ ਹੈ, ਅਪਮਾਨ ਕਰਦਾ ਹੈ, ਤਿਰਸਕਾਰ ਕਰਦਾ ਹੈ, ਉਹ ਸਮਝਦਾ ਹੈ ਇਹ ਦੂਸਰਾ ਮਨੁੱਖ ਹੀਣ (ਛੋਟਾ) ਹੈ। ਮੈਂ ਖਾਸ ਆਦਮੀ ਹਾਂ। ਮੈਂ ਉੱਤਮ ਜਾਤ ਕੁਲ, ਬਲ ਆਦਿ ਵਾਲਾ ਹਾਂ, ਇਸ ਪ੍ਰਕਾਰ ਅਪਣੇ ਆਪ ਨੂੰ ਸਰਵਉੱਤਮ ਮੰਨਦਾ ਹੋਇਆ ਹੰਕਾਰ ਕਰਦਾ ਹੈ।

ਅਜੇਹਾ ਅਭਿਮਾਨੀ ਉਮਰ ਪੂਰੀ ਕਰਕੇ, ਸ਼ਰੀਰ ਨੂੰ ਛਡਕੇ ਕਰਮਾਂ ਨੂੰ ਹੀ ਨਾਲ ਲੈ ਕੇ ਪਰਲੋਕ ਵਿਚ ਜਾਂਦਾ ਹੈ। ਉਹ ਇਕ ਗਰਭ ਤੋਂ ਦੂਸਰੇ ਗਰਭ, ਇਕ ਜਨਮ ਤੋਂ ਦੂਸਰੇ

ਜਨਮ, ਇਕ ਮਰਨ ਤੋਂ ਦੂਸਰਾ ਮਰਨ, ਇਕ ਨਰਕ ਤੋਂ ਦੂਸਰੇ ਨਰਕ ਵਿਚ ਜਾਂਦਾ ਹੈ। ਉਹ ਪਰਲੋਕ ਵਿਚ ਭਿਅੰਕਰ ਨਿਮਰਤਾ ਰਹਿਤ, ਚੰਚਲ ਤੇ ਅਭਿਮਾਨੀ ਹੁੰਦਾ ਹੈ। ਇਸ ਹੰਕਾਰ ਨਾਲ ਸਾਵਦਯ (ਪਾਪ) ਕਰਮ ਦਾ ਬੰਧ ਹੁੰਦਾ ਹੈ।

ਇਸ ਪ੍ਰਕਾਰ ਉਹ ਮਨੁੱਖ ਅਭਿਮਾਨ ਸਦਕਾ ਪਾਪ ਕਰਮਾਂ ਦਾ ਸੰਗ੍ਰਹਿ (ਬੰਧ) ਕਰਦਾ ਹੈ। ਇਹ ਨੌਵਾਂ ਮਾਨ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਹੈ। (25)

## 10. ਮਿੱਤਰ ਦੋਸ਼ ਪ੍ਰਤਯਕ—

ਇਸ ਤੋਂ ਵਾਅਦ ਦਸਵਾਂ ਕ੍ਰਿਆ ਸਥਾਨ ਮਿੱਤਰ ਦੋਸ਼ ਪ੍ਰਤਯਕ ਅਖਵਾਉਂਦਾ ਹੈ। ਜਿਵੇਂ ਮਾਂ ਪਿਓ, ਭਾਈ, ਭੈਣ, ਇਸਤਰੀ, ਪੁੱਤਰੀ, ਪੁੱਤਰ, ਨੂੰਹ ਨਾਲ ਰਹਿੰਦਾ ਮਨੁੱਖ ਇਨ੍ਹਾਂ ਰਾਹੀਂ ਕੀਤੇ ਛੋਟੇ ਜੇਹੇ ਕਸੂਰ ਕਾਰਣ ਇਨ੍ਹਾਂ ਨੂੰ ਭਾਰੀ ਦੰਡ (ਸਜਾ) ਦਿੰਦਾ ਹੈ।

ਜਿਵੇਂ ਉਨ੍ਹਾਂ ਨੂੰ ਸਰਦੀ ਸਮੇਂ ਠੰਡੇ ਪਾਣੀ ਦੇ ਛੀਂਟੇ ਮਾਰਦਾ ਹੈ।

ਗਰਮੀਆਂ ਸਮੇਂ ਗਰਮ ਪਾਣੀ ਪਾਉਂਦਾ ਹੈ। ਅੱਗ ਨਾਲ ਸ਼ਰੀਰ ਫੂਕਦਾ ਹੈ, ਦਾਗਦਾ ਹੈ। ਜੋਤ, ਬੈਂਤ, ਛੜੀ, ਚਮੜੇ, ਲਤਾ (ਬੇਲ), ਚਾਬੁਕ ਜਾਂ ਰੱਸੇ ਨਾਲ ਮਾਰ ਮਾਰ ਕੇ ਖਲ ਉਧੇੜ ਦਿੰਦਾ ਹੈ।

ਡੰਡਾ, ਹੱਡੀ, ਮੁੱਕਾ, ਢੇਲਾ, ਠੀਕਰ ਜਾਂ ਖੱਪਰ ਨਾਲ ਮਾਰ ਮਾਰ ਕੇ ਉਨ੍ਹਾਂ ਦੇ ਸ਼ਰੀਰ ਨੂੰ ਕਮਜੋਰ ਕਰ ਦਿੰਦਾ ਹੈ।

ਅਜੇਹੇ ਪੁਰਸ਼ ਦੇ ਨਾਲ ਘਰ ਵਿਚ ਰਹਿਣ ਵਾਲਾ ਪਰਿਵਾਰ ਦੁਖੀ ਰਹਿੰਦਾ ਹੈ। ਉਸ ਦੇ ਪਰਦੇਸ਼ ਜਾਣ ਤੇ ਪਰਿਵਾਰ ਸੁਖੀ ਹੋ ਜਾਂਦਾ ਹੈ।

ਅਜੇਹਾ ਆਦਮੀ ਜੋ ਬਗਲ ਵਿਚ ਡੰਡਾ ਰਖਦਾ ਹੈ, ਥੋੜ੍ਹੀ ਜੇਹੀ ਗੱਲ ਦੀ ਬੜੀ ਸਜਾ ਦਿੰਦਾ ਹੈ। ਹਰ ਗਲ ਤੇ ਡੰਡਾ ਚੁਕਦਾ ਹੈ ਜਾਂ ਡੰਡਾ ਅੱਗੇ ਰਖਕੇ ਸਟ ਮਾਰਦਾ ਹੈ। ਉਹ ਇਸ ਲੋਕ ਤੇ ਪਰਲੋਕ ਵਿਚ ਅਪਣਾ ਅਹਿੱਤ ਕਰਦਾ ਹੈ। ਅਜੇਹਾ ਪੁਰਸ਼ ਹਰ ਸਮੇਂ ਈਰਖਾ ਕਾਰਣ ਜਲਦਾ ਰਹਿੰਦਾ ਹੈ। ਗੱਲ ਗੱਲ ਤੇ ਗੁੱਸਾ ਕਰਦਾ ਹੈ, ਪਿੱਠ ਪਿੱਛੇ ਚੁਗਲੀ ਕਰਦਾ ਹੈ, ਅਜੇਹੇ ਆਦਮੀ ਨੂੰ ਮਿੱਤਰ ਦੋਸ਼ ਪ੍ਰਤਯਕ ਪਾਪ ਕਰਮ ਦਾ ਬੰਧ ਹੁੰਦਾ ਹੈ। ਇਹ ਦਸਵੇਂ ਮਿੱਤਰ ਦੋਸ਼ ਪ੍ਰਤਯਕ ਕ੍ਰਿਆ ਸਥਾਨ ਵਾਰੇ ਦਸਿਆ ਗਿਆ ਹੈ। (26)

## 11. ਮਾਇਆ ਪ੍ਰਤਯਕ—

ਹੁਣ ਗਿਆਰਵਾਂ ਕ੍ਰਿਆ ਸਥਾਨ ਮਾਇਆ ਪ੍ਰਤਯਕ ਹੈ। ਉਸ ਨੂੰ ਮਾਇਆ ਪ੍ਰਤਯਕ ਆਖਦੇ ਹਨ।

"ਜੋ ਮਨੁੱਖ ਦੂਸਰੇ ਨੂੰ ਨਾ ਪਤਾ ਕਰਨ ਯੋਗ ਵਿਵਹਾਰ ਕਰਦਾ ਹੈ। ਵਿਸ਼ਵਾਸ ਘਾਤ ਕਰਦਾ ਹੈ। ਲੋਕਾਂ ਨੂੰ ਹਨੇਰੇ ਵਿਚ ਰੱਖ ਕੇ ਪਾਪ ਕਰਮ ਕਰਦਾ ਹੈ। ਉਲੂ ਦੇ ਢੰਗ ਦੀ

ਤਰ੍ਹਾਂ ਹਲਕਾ ਹੁੰਦੇ ਹੋਏ ਵੀ ਅਪਣੇ ਆਪ ਨੂੰ ਪਹਾੜ ਦੀ ਤਰ੍ਹਾਂ ਮੰਨਦਾ ਹੈ ਤੇ ਉਹ ਆਰਿਆ ਹੁੰਦਾ ਹੋਇਆ ਵੀ ਅਨਾਰਿਆਂ (ਮਲੇਛ) ਭਾਸ਼ਾ ਦਾ ਪ੍ਰਯੋਗ ਕਰਦਾ ਹੈ।

ਉਹ ਲੋਕਾਂ ਨੂੰ ਹੋਰ ਤਰ੍ਹਾਂ ਮੰਨਦਾ ਹੈ ਅਤੇ ਅਪਣੇ ਆਪ ਨੂੰ ਹੋਰ ਤਰ੍ਹਾਂ ਨਾਲ ਮੰਨਦਾ ਹੈ। ਉਹ ਨਾ ਆਖਣ ਯੋਗ ਗੱਲ ਕਰਦਾ ਹੈ। ਆਖਣ ਯੋਗ ਗੱਲ ਨਹੀਂ ਆਖਦਾ।

ਜਿਵੇਂ ਕੋਈ ਮਨੁੱਖ ਅਪਣੇ ਹਿਰਦੇ ਵਿਚ ਗੱਡੀ ਤਿਖੀ ਕਿੱਲ ਨੂੰ ਖੁੱਦ ਨਹੀਂ ਕੱਢ ਸਕਦਾ ਨਾ ਹੀ ਦੂਸਰੇ ਤੋਂ ਬਾਹਰ ਕਢਵਾਉਂਦਾ ਹੈ।

ਉਹ ਉਸ ਕਿੱਲ ਨੂੰ ਨਸ਼ਟ ਵੀ ਨਹੀਂ ਕਰਦਾ। ਉਸ ਕਿੱਲ ਨੂੰ ਫਜ਼ੂਲ ਹੀ ਅੰਦਰ ਛਿਪਾਉਂਦਾ ਹੈ। ਦੁਖੀ ਹੋ ਕੇ ਅੰਦਰ ਹੀ ਅੰਦਰ ਤਕਲੀਫ ਭੋਗਦਾ ਹੈ।

ਇਸ ਪ੍ਰਕਾਰ ਦਾ ਕਪਟੀ, ਛਲ ਕਪਟ ਦੀ ਆਲੋਚਨਾ ਨਹੀਂ ਕਰਦਾ। ਨਾ ਹੀ ਪ੍ਰਾਸ਼ਚਿਤ ਵਲੋਂ ਤੱਪ ਗ੍ਰਹਿਣ ਕਰਦਾ ਹੈ।

ਉਹ ਮਾਇਆਧਾਰੀ (ਧੋਖੇਵਾਜ) ਦਾ ਸੰਸਾਰ ਵਿਚ ਕੋਈ ਵਿਸ਼ਵਾਸ ਨਹੀਂ ਕਰਦਾ। ਉਹ ਲੋਕ ਵਿਚ ਵਾਰ ਵਾਰ ਜਨਮ ਮਰਨ ਪ੍ਰਾਪਤ ਕਰਦਾ ਹੈ।

ਉਹ ਦੂਸਰੇ ਦੀ ਨਿੰਦਾ ਤੇ ਅਪਣੀ ਪ੍ਰਸ਼ੰਸਾ ਕਰਦਾ ਹੈ। ਦੂਸਰੇ ਤੇ ਘਿਰਨਾ ਕਰਦਾ ਹੈ, ਬੁਰੇ ਕੰਮ ਕਰਦਾ ਹੈ, ਬੁਰੇ ਕਰਮਾਂ ਤੋਂ ਛੁਟਕਾਰਾ ਨਹੀਂ ਪਾਂਦਾ, ਉਹ ਮਨੁੱਖ ਜੀਵਾਂ ਨੂੰ ਦੰਡ ਦੇ ਕੇ ਛਿਪਾਉਂਦਾ ਹੈ, ਅਜੇਹਾ ਮਾਇਆ ਵਾਲਾ, ਸ਼ੁਭ ਵਿਚਾਰ, (ਸ਼ੁਭਲੇਸ਼ਿਆਵਾਂ) ਤੋਂ ਦੂਰ ਹੁੰਦਾ ਹੈ। ਅਜੇਹਾ ਮਾਇਆਧਾਰੀ ਪੁਰਸ਼ ਨੂੰ ਮਾਇਆ ਪਤਯਕ ਪਾਪ ਕਰਮ ਦਾ ਬੰਧ ਹੁੰਦਾ ਹੈ। ਇਸ ਪ੍ਰਕਾਰ ਮਾਇਆ ਪ੍ਰਤਯਕ ਨਾਮ ਦਾ ਗਿਆਰਵਾਂ ਕ੍ਰਿਆ ਸਥਾਨ ਦਾ ਸਵਰੂਪ ਹੈ। (27)

## 12. ਲੋਭ ਪ੍ਰਤਯਕ—

ਇਸ ਤੋਂ ਵਾਅਦ ਬਾਰਹਵਾਂ ਕ੍ਰਿਆ ਸਥਾਨ ਹੈ, ਜੋ ਲੋਭ ਪ੍ਰਤਯਕ ਅਖਵਾਉਂਦਾ ਹੈ।

"ਇਹ ਜੋ ਬਨ ਵਿਚ ਨਿਵਾਸ ਕਰਨ ਵਾਲੇ ਹਨ, ਜੋ ਕੁਟੀ ਬਨਾਕੇ ਰਹਿੰਦੇ ਹਨ, ਜੋ ਪਿੰਡ ਦੇ ਨਜਦੀਕ ਡੇਰਾ ਲਾ ਕੇ ਪਿੰਡ ਦੇ ਆਸਰੇ ਨਾਲ ਅਪਣਾ ਨਿਰਵਾਹ ਕਰਦੇ ਹਨ। ਕਈ ਇਕਲੇ ਨਿਵਾਸ ਕਰਦੇ ਹਨ, ਕਈ ਗੁਪਤ ਨਿਵਾਸ ਕਰਦੇ ਹਨ, ਭਾਵੇਂ ਇਹ ਪਾਖੰਡੀ (ਹੋਰ ਮਤਾਂ ਦੇ ਲੋਕ) ਤਰੱਸ (ਹਿਲਨ ਚੁਲਨ ਵਾਲੇ) ਜੀਵਾਂ ਦੀ ਹਿੰਸਾ ਨਹੀਂ ਕਰਦੇ। ਸਾਰੇ ਪ੍ਰਾਣ, ਭੂਤ, ਜੀਵ ਤੇ ਸੱਤਵ ਦੀ ਹਿੰਸਾ ਤੋਂ ਪਰੇ ਨਹੀਂ ਹਨ।

"ਉਹ ਕੁਝ ਝੂਠੀਆਂ ਤੇ ਕੁੱਝ ਸੱਚੀਆਂ ਗੱਲਾਂ ਇਸ ਪ੍ਰਕਾਰ ਨਾਲ ਕਰਦੇ ਹਨ।" ਮੈਂ ਮਾਰੇ ਜਾਣ ਯੋਗ ਨਹੀਂ ਹਾਂ, ਪਰ ਦੂਸਰੇ ਪ੍ਰਾਣੀ ਮਾਰੇ ਜਾਣ ਯੋਗ ਹਨ। ਮੈਨੂੰ ਕੋਈ ਹੁਕਮ ਨਹੀਂ ਦਿੰਦਾ, ਮੈਂ ਸਭ ਨੂੰ ਹੁਕਮ ਦੇ ਸਕਦਾ ਹਾਂ, ਮੈਂ ਦਾਸ, ਦਾਸੀ ਦੇ ਰੂਪ ਵਿਚ ਗੁਲਾਮ

ਬਨਣ ਯੋਗ ਨਹੀਂ ਹਾਂ ਪਰ ਹੋਰ ਮੇਰੇ ਰਾਹੀਂ ਦਾਸ, ਦਾਸੀ, ਗੁਲਾਮ ਜਾਂ ਰਿਸ਼ਤੇਦਾਰ ਕੀਤੇ ਜਾ ਸਕਦੇ ਹਨ।

ਮੈਂ ਕਸ਼ਟ ਸਹਿਣ ਯੋਗ ਨਹੀਂ, ਦੂਸਰੇ ਨੂੰ ਕਸ਼ਟ ਦਿਤਾ ਜਾ ਸਕਦਾ ਹੈ।

"ਮੈਨੂੰ ਕੋਈ ਡਰਾ ਨਹੀਂ ਸਕਦਾ, ਪਰ ਮੈਂ ਹਰ ਇਕ ਨੂੰ ਡਰਾ ਸਕਦਾ ਹਾਂ।"

ਇਸ ਪ੍ਰਕਾਰ ਦੇ ਉਪਦੇਸ਼ ਵਾਲੇ ਪੁਰਸ਼, ਇਸਤਰੀ ਅਤੇ ਹੋਰ ਕਾਮ ਭੋਗਾਂ ਵਿਚ ਡੁਬੇ ਰਹਿੰਦੇ ਹਨ, ਕਾਮ ਭੋਗ ਦੀ ਤਲਾਸ਼ ਵਿਚ ਰੁਝੇ ਰਹਿੰਦੇ ਹਨ। ਉਨ੍ਹਾਂ ਦੀ ਚਿੱਤ ਵਿਰਤੀ ਕਾਮ ਭੋਗਾਂ ਵਲ ਲੱਗੀ ਰਹਿੰਦੀ ਹੈ।

ਅਜੇਹੇ ਲੋਕ ਚਾਰ, ਪੰਜ, ਛੇ ਜਾਂ ਦਸ ਸਾਲ ਤਕ ਕਾਮ ਭੋਗ ਭੋਗਦੇ, ਥੋੜੇ ਜਾਂ ਜਿਆਦਾ ਸਮਾਂ ਕਾਮ ਭੋਗ ਭੋਗਦੇ, ਮੌਤ ਸਮੇਂ ਕਿਲਵਿਸ਼ੀ (ਨੀਚ ਕਿਸਮ ਦੇ ਦੇਵਤਾ ਯੋਨੀ) ਦੇਵ ਰੂਪ ਵਿਚ ਉੱਤਪੰਨ ਹੁੰਦੇ ਹਨ।

ਫੇਰ ਇਸ ਦੇਵ ਯੋਨੀ ਦੀ ਉਮਰ ਪੂਰੀ ਕਰਕੇ ਗੂੰਗੇ, ਬਹਿਰੇ, ਅੰਨ੍ਹੇ ਬਨਦੇ ਹਨ। ਇਸ ਤਰ੍ਹਾਂ ਉਸ ਲੋਭੀ ਵਿਸ਼ੇ ਵਿਕਾਰਾਂ ਵਾਲੇ ਪਾਖੰਡੀ ਨੂੰ ਲੋਭ ਪ੍ਰਤਯਕ ਪਾਪ ਕਰਮ ਬੰਧ ਹੁੰਦਾ ਹੈ।

ਇਸ ਪ੍ਰਕਾਰ ਲੋਭ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਦਸਿਆ ਗਿਆ।

ਇਨ੍ਹਾਂ ਬਾਰਹਵਾਂ ਪਾਪ ਸਥਾਨਾਂ ਕ੍ਰਿਆ ਸਥਾਨਾਂ ਨੂੰ ਮੁਕਤੀ ਦਾ ਇਛੁਕ (ਦਰਵ) ਸ਼੍ਰਮਣ, ਬ੍ਰਾਹਮਣ ਸਹੀ ਢੰਗ ਨਾਲ ਜਾਨੇ ਤੇ ਇਸ ਦਾ ਤਿਆਗ ਕਰ ਦੇਵੇ। (28)

## 13. ਏਰਿਆ ਪਥਿਕ ਕ੍ਰਿਆ ਸਥਾਨ—

ਇਸ ਤੋਂ ਵਾਅਦ ਤੇਰਹਵਾਂ ਕ੍ਰਿਆ ਸਥਾਨ ਹੈ ਜਿਸਨੂੰ ਏਰਿਆ ਪਥਿਕ ਆਖਦੇ ਹਨ, ਇਸ ਜਗਤ ਵਿਚ ਜੋ ਮਨੁੱਖ ਅਪਣਾ ਆਤਮ ਕਲਿਆਣ ਕਰਨ ਲਈ ਸਾਰੇ ਪਾਪ ਨੂੰ ਛਡਦੇ ਹਨ। ਘਰ ਬਾਰ ਛੱਡਕੇ ਮੁਨੀ ਬਣ ਗਏ ਹਨ। ਜੋ ਏਰਿਆ ਸਮਿਤੀ ਵਾਲੇ ਹਨ, ਜੋ ਸਾਵਦਯ (ਪਾਪਕਾਰੀ) ਭਾਸ਼ਾ ਨਹੀਂ ਬੋਲਦੇ, ਇਸ ਲਈ ਭਾਸ਼ਾ ਸਮਿਤੀ ਵਾਲੇ ਹਨ। ਜੋ ਪੇਸ਼ਾਬ, ਟੱਟੀ, ਥੁਕ, ਕਫ ਤੇ ਨਕ ਦੀ ਮੈਲ ਠੀਕ ਥਾਂ ਤੇ ਤਿਆਗਦੇ ਹਨ।

ਜੋ ਮਨ ਸਮਿਤੀ, ਵਚਨ ਤੇ ਕਾਇਆ ਸਮਿਤੀ ਵਾਲੇ ਹਨ। ਜੋ ਮਨ ਗੁਪਤੀ, ਵਚਨ ਤੇ ਕਾਇਆ ਗੁਪਤੀ ਨੂੰ ਵਸ ਵਿਚ ਰਖਕੇ ਬ੍ਰਹਮਚਰਜ ਦਾ ਪਾਲਨ ਕਰਦੇ ਹਨ। ਜੋ ਸਾਧੂ ਉਪਯੋਗ (ਦੇਖ ਭਾਲ ਕੇ) ਨਾਲ ਚਲਦੇ ਹਨ, ਖੜੇ ਹੁੰਦੇ ਹਨ, ਬੈਠਦੇ ਹਨ, ਕਰਵਟ ਲੈਂਦੇ ਹਨ। ਯਤਨਾ ਪੂਰਵ (ਸਾਵਧਾਨੀ) ਨਾਲ ਭੋਜਨ ਗ੍ਰਹਿਣ ਕਰਦੇ ਹਨ, ਬੋਲਦੇ ਹਨ। ਸਾਵ-ਧਾਨੀ ਨਾਲ ਕਪੜੇ, ਭਾਂਡੇ, ਕੰਬਲ, ਪਾਦ ਪੋਂਚਨ (ਪੈਰ ਪੂੰਝਨ ਦਾ ਵਸਤਰ) ਨੂੰ ਗ੍ਰਹਿਣ ਕਰਦੇ ਹਨ। ਇਨ੍ਹਾਂ ਵਸਤਾਂ ਨੂੰ ਠੀਕ ਥਾਂ ਤੇ ਰਖਦੇ ਹਨ। ਇਥੋਂ ਤਕ ਕਿ ਅੱਖਾਂ ਦੀਆਂ

ਪਲਕਾਂ ਨੂੰ ਵੀ ਝਪਕਾਉਣ ਵਿਚ ਸਮਝਦਾਰੀ ਰਖਦੇ ਹਨ। ਉਹ ਸਾਧੂ ਭਿੰਨ ਭਿੰਨ ਪ੍ਰਕਾਰ ਵਾਲੀ ਸੂਖਮ ਏਰਿਆ ਪਥਿਕ ਕ੍ਰਿਆ ਨੂੰ ਪ੍ਰਾਪਤ ਕਰਦੇ ਹਨ। ਫੇਰ ਸੂਖਮ ਏਰਿਆ ਪਥਿਕ ਕ੍ਰਿਆ ਦਾ ਪਹਿਲੇ ਸਮੇਂ ਬੰਧ ਕਰਦੇ ਹਨ।

ਦੂਸਰੇ ਸਮੇਂ ਭੋਗ ਦੇ ਹਨ ਅਤੇ ਤੀਸਰੇ ਸਮੇਂ ਨਿਰਜਰਾ (ਕਰਮ ਦੇ ਪੁਦਗਲ-ਧੂਲ ਝੜਨ) ਦੀ ਕ੍ਰਿਆ ਕਰਦੇ ਹਨ। ਚੋਥੇ ਸਮੇਂ ਕਰਮ ਰਹਿਤ ਹੋ ਜਾਂਦੇ ਹਨ। ਇਸ ਪ੍ਰਕਾਰ ਵੀਤਰਾਗ (ਅਰਿਹੰਤ) ਪੁਰਖ ਨੂੰ ਏਰਿਆ ਪਥਿਕ ਕ੍ਰਿਆ ਦਾ ਬੰਧ ਹੁੰਦਾ ਹੈ।

ਇਹ ਤੇਰਹਵਾਂ ਕ੍ਰਿਆ ਸਥਾਨ ਏਰਿਆ ਪਥਿਕ ਅਖਵਾਉਂਦਾ ਹੈ। ਸ੍ਰੀ ਸੁਧਰਮਾ ਸਵਾਮੀ ਅਪਣੇ ਚੇਲੇ ਜੰਬੂ ਸਵਾਮੀ ਨੂੰ ਆਖਦੇ ਹਨ।

"ਪਹਿਲਾਂ ਜਿੰਨੇ ਤੀਰਥੰਕਰ ਹੋਏ ਹਨ, ਵਰਤਮਾਨ ਵਿਚ ਜਿੰਨੇ ਤੀਰਥੰਕਰ ਹਨ, ਅਗੇ ਨੂੰ ਹੋਰ ਹੋਣਗੇ। ਸਭਨਾਂ ਨੇ ਇਨ੍ਹਾਂ 13 ਕ੍ਰਿਆ ਸਥਾਨਾਂ ਵਾਰੇ ਦੱਸਿਆ ਹੈ, ਦਸ ਰਹੇ ਹਨ ਅਤੇ ਦਸ ਦੇਣਗੇ।"

ਭੂਤਕਾਲ ਦੇ ਤੀਰਥੰਕਰਾਂ ਨੇ ਇਸ ਤੇਰਹਵੇਂ ਕ੍ਰਿਆ ਸਥਾਨ ਦਾ ਸੇਵਨ ਕੀਤਾ ਸੀ ਅਤੇ ਵਰਤਮਾਨ ਦੇ ਤੀਰਥੰਕਰ ਕਰ ਰਹੇ ਹਨ ਤੇ ਭਵਿਖ ਵਿਚ ਸੇਵਨ ਕਰਨਗੇ। (29)

**ਪਾਪ ਸ਼ਰੁਤ (ਗਿਆਨ) ਗ੍ਰੰਥਾਂ ਦੇ ਨਾਂ—**

ਇਸ ਤੋਂ ਵਾਅਦ ਜਿਸ ਵਿਦਿਆ ਰਾਹੀਂ ਪੁਰਸ਼ ਜਿੱਤ ਹਾਸਲ ਕਰਦੇ ਹਨ ਜਾਂ ਖੋਜ ਕਰਦੇ ਹਨ। ਉਨ੍ਹਾਂ ਵਿਦਿਆਵਾਂ ਦੇ ਨਾਂ ਦੱਸਾਂਗਾ।

ਇਸ ਜਗਤ ਵਿਚ ਭਿੰਨ ਭਿੰਨ ਪ੍ਰਕਾਰ ਦੇ ਗਿਆਨ ਵਾਲੇ, ਭਿੰਨ ਭਿੰਨ ਨਿਸ਼ਚੈ ਵਾਲੇ ਆਚਾਰ (ਚਾਰਿਤਰ) ਵਾਲੇ, ਨਜ਼ਰ ਵਾਲੇ, ਰੁਚੀਆਂ ਵਾਲੇ, ਆਰੰਬ ਵਾਲੇ, ਭਿੰਨ ਭਿੰਨ ਅਧਿਆਵਸਾਏ (ਮਨ ਦੀ ਹਾਲਤ) ਵਾਲੇ ਮਨੁੱਖ ਹੁੰਦੇ ਹਨ। ਉਹ ਅਪਣੀ ਅਪਣੀ ਰੁਚੀ ਅਨੁਸਾਰ ਪਾਪੀ ਗ੍ਰੰਥਾਂ ਦੀ ਵਿਦਿਆਵਾਂ ਦਾ ਅਧਿਐਨ ਕਰਦੇ ਹਨ। ਜੋ ਇਸ ਪ੍ਰਕਾਰ ਹਨ।

1. ਭੂਚਾਲ ਆਦਿ ਜਾਂ ਜ਼ਮੀਨ ਹੇਠਾਂ ਪਾਣੀ ਖਣਿਜ ਪਦਾਰਥਾਂ ਵਾਰੇ ਗਿਆਨ ਕਰਾਉਣ ਵਾਲੇ ਗ੍ਰੰਥ।
2. ਕਿਸੇ ਪ੍ਰਾਕ੍ਰਿਤਕ ਵਿਪੱਤੀ ਦੀ ਸੂਚਨਾ ਦੇਣ ਵਾਲੇ ਤੇ ਫਲ ਦਸਣ ਵਾਲੇ ਗ੍ਰੰਥ।
3. ਸੁਪਨ ਸ਼ਾਸ਼ਤਰ।
4. ਅਕਾਸ਼ ਵਿਚ ਪੈਦਾ ਹੋਣ ਵਾਲੇ ਬੱਦਲਾਂ ਦਾ ਗਿਆਨ ਦੇਣ ਵਾਲੇ ਗ੍ਰੰਥ।
5. ਅੰਗ ਸ਼ਾਸ਼ਤਰ— ਅੰਗਾਂ ਦੇ ਫੜਕਨ (ਮੱਥਾ, ਅੱਖ, ਬਾਂਹ) ਰਾਹੀਂ ਗਿਆਨ ਦੇਣ ਵਾਲੇ ਸ਼ਾਸ਼ਤਰ।